੧ਓ ਸਤਿਗੁਰ ਪ੍ਰਸਾਦਿ ॥

# ਜੱਥੇਦਾਰ ਗੁਰਬਖ਼ਸ਼ ਸਿੰਘ

## ਉਰਫ਼

# ਬਾਬਾ ਬੰਦਾ ਸਿੰਘ ਬਹਾਦੁਰ ਆਤਮ ਸਮਰਪਣ



## ਅਤੇ

## ਉਨ੍ਹਾਂ ਦੀ ਸ਼ਹੀਦੀ ਸਾਕੇ ਦਾ ਵਿਸਤਾਰ ਸਹਿਤ ਵਰਣਨ

ਦਿੱਲੀ ਦੇ ਮਹਰੌਲੀ ਖ਼ੇਤ੍ਰ ਵਿਚ ਸ਼ਹੀਦੀ ਦਾ ਅੱਖੀ ਡਿੱਠਾ ਹਾਲ

ਅਤੇ

300 ਵੀਂ ਵਰੇਗੰਡ ਦੇ ਮੌਕੇ ਤੇ ਆਪ ਨੂੰ ਲਾਮਬੰਦ ਹੋਣ ਦਾ ਸੰਦੇਸ਼

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ: ਜਸਬੀਰ ਸਿੰਘ Ph. : (0172-2696891), 09988160484

Type Setting : Radheshyam Choudhary
Mob. : 098149- 66882

Download Free

ਲੇਖਕ: ਜਸਬੀਰ ਸਿੰਘ

# ਮਨੁੱਖੀ ਜੀਵਨ ਦਾ ਮੁਖ ਟੀਚਾ ਮੋਖ ਪ੍ਰਾਪਤੀ

## ਭੂਮਿਕਾ

ਜੋ ਮਨੁੱਖ ਲਗਾਤਾਰ ਚੁਣੋਤੀ ਮਿਲਣ ਤੇ ਵੀ ਆਪਣੇ ਆਦਰਸ਼ ਲਈ ਦ੍ਰਿੜ ਇਰਾਦੇ ਨਾਲ ਜੂਝਦਾ ਹੋਇਆ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦੇਵੇ ਅਰਥਾਤ ਕੁਰਬਾਨ ਹੋ ਜਾਵੇ ਪਰ ਆਪਣੀ ਧਾਰਨਾ ਵਿਚ ਤਬਦੀਲੀ ਨਾ ਲਿਆਵੇ, ਅਜਿਹੇ ਬਲਿਦਾਨੀ ਮਨੁੱਖ ਨੂੰ ਸ਼ਹੀਦ ਕਹਿੰਦੇ ਹਨ। ਦੂਜੇ ਸ਼ਬਦਾਂ ਵਿਚ ਜਿਸ ਮਨੁੱਖ ਨੂੰ ਆਪਣੀ ਜਾਨ ਬਚਾਉਣ ਲਈ ਦੁਸ਼ਮਣਾਂ ਵਲੋਂ ਘੱਟੋ ਘੱਟ ਇੱਕ ਮੌਕਾ ਦਿੱਤਾ ਜਾਵੇ ਪਰ ਫਿਰ ਵੀ ਉਹ ਆਪਣੇ ਆਦਰਸ਼ਵਾਦੀ ਮਾਰਗ ਨੂੰ ਤਿਆਗਣ ਲਈ ਤਿਆਰ ਨਾ ਹੋਵੇ, ਉਹ ਸ਼ਹੀਦ ਅਖਵਾਉਂਦਾ ਹੈ। ਰਣ-ਭੂਮੀ ਵਿਚ ਲੜਦੇ ਸੈਨਿਕਾਂ ਤੇ ਵੀ ਇਹੀ ਸਿਧਾਂਤ ਲਾਗੂਹੁੰਦਾ ਹੈ। ਉਨ੍ਹਾਂ ਨੂੰ ਵੀ ਵਿਰੋਧੀ ਧਿਰ ਦੇ ਸੈਨਿਕ ਹਥਿਆਰ ਸੁੱਟਣ ਲਈ ਮਜਬੂਰ ਕਰਦੇ ਹਨ, ਯਾ ਰਣ ਵਿਚੋਂ ਭੱਜਣ ਦਾ ਪੂਰਾ ਮੌਕਾ ਦੇਂਦੇ ਹਨ ਪਰ ਦੇਸ਼ ਭਗਤ ਸੈਨਿਕ ਅਜਿਹਾ ਨਹੀਂ ਕਰਦੇ, ਦੇਸ਼ ਦੇ ਕੰਮ ਆਉਣ ਨੂੰ ਹੀ ਉਹ ਆਪਣੀ ਮੰਜ਼ਿਲ ਮੰਨਦੇ ਹਨ। ਅਰਥਾਤ ਜਿੱਤ ਜਾਂ ਮੌਤ ਵਿਚੋਂ ਕਿਸੇ ਇੱਕ ਦੀ ਪ੍ਰਾਪਤੀ ਦੀ ਇੱਛਾ ਹੀ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਦੇਂਦੀ ਹੈ।

ਸੰਨ 1708 ਈ: ਦੇ ਸ਼ੁਰੂ ਵਿਚ ਮਹਾਂਰਾਸਟਰ ਪ੍ਰਾਂਤ ਦੇ ਨੰਦੇੜ ਨਗਰ ਵਿਚ ਗੋਦਾਵਰੀ ਨਦੀ ਦੇ ਤੱਟ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਮਾਧੋਦਾਸ ਬੈਰਾਗੀ ਨਾਮ ਦੇ ਸਾਧੂ ਨੂੰ ਵਿਅੰਗ ਮਈ ਢੰਗ ਨਾਲ ਚੁਣੌਤੀ ਦੇ ਕੇ ਗਫਲਤ ਦੀ ਨੀਂਦ ਤੋਂ ਜਗਾ ਕੇ ਲੋਹ-ਪੁਰਸ਼ ਵਿਚ ਬਦਲ ਦਿੱਤਾ ਅਤੇ ਉਸ ਨੂੰ ਸਿੰਘਾਂ ਦੀ ਸੈਨਾ ਦਾ ਸੈਨਾ-ਨਾਇਕ ਨਿਯੁਕਤ ਕਰ ਕੇ ਪੰਜਾਬ ਵਿਚੋਂ ਮੁਗਲਾਂ ਦੀ ਸਲਤਨਤ ਦੇ ਅਤਿਆਚਾਰਾਂ ਨੂੰ ਖਤਮ ਕਰਨ ਦਾ ਆਦੇਸ਼ ਦਿੱਤਾ, ਇਹ ਬੈਰਾਗੀ ਸਾਧੂ ਗੁਰੂ ਦੀਖਿਆ ਪ੍ਰਾਪਤ ਕਰਕੇ ਗੁਰਬਖਸ਼ ਸਿੰਘ ਨਾਮ ਧਾਰਨ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬੰਦਾ ਅਖਵਾਉਣ ਲੱਗਾ ਅਰਥਾਤ ਉਹ ਗੁਰਦੇਵ ਦਾ ਪ੍ਰਤੀਨਿਧ ਬਣ ਕੇ ਪੰਜਾਬ ਪਹੁੰਚਿਆ। ਉਸ ਦੇ ਕੋਲ ਗੁਰੂਦੇਵ ਦੇ ਹੁਕਮਨਾਮੇ ਸਨ, ਜਿਹੜੇ ਸੰਪੂਰਨ ਸਿੱਖ ਜਗਤ ਦੇ ਨਾਂ ਸਨ । ਹੁਕਮ ਸੀ, ਜਿਥੇ ਕਿਤੇ ਵੀ ਖਾਲਸਾ ਹੈ, ਤੁਰੰਤ ਸਾਡੇ ਪ੍ਰਤੀਨਿਧ (ਬੰਦੇ) ਦੀ ਅਗਵਾਈ ਵਿਚ ਸੰਗਠਿਤ ਹੋ ਜਾਵੇ । ਬਸ ਫਿਰ ਕੀ ਸੀ ਗੁਰੂ ਜੀ ਦੇ ਬੰਦੇ ਕੋਲ ਦੇਸ਼ ਦੇ ਕੋਨੇ-ਕੋਨੇ ਤੋਂ ਖਾਲਸਾ ਸ਼ਸਤਰਾਂ ਸਹਿਤ ਵੱਡੀ-ਗਿਣਤੀ ਵਿਚ ਪਹੁੰਚਣ ਲੱਗਾ । ਜਦੋਂ ਗੁਰੂ ਜੀ ਦੇ ਪ੍ਰਤੀਨਿਧ ਬੰਦੇ ਨੇ ਮਹਿਸੂਸ ਕੀਤਾ ਕਿ ਹੁਣ ਉਸ ਕੋਲ ਯੁੱਧ ਕਰਨ ਲਈ ਸਿੱਖ ਸੈਨਾ ਕਾਫੀ ਮਾਤਰਾ

ਵਿੱਚ ਹੈ ਤਾਂ ਉਸਨੇ ਗੁਰੂ ਦੇਵ ਦੁਆਰਾ ਦਿੱਤੇ ਗਏ ਉਦੇਸ਼ ਦੇ ਅਨੁਸਾਰ ਆਪਣਾ ਪ੍ਰੋਗਰਾਮ ਬਣਾ ਕੇ ਜਿੱਤ ਪ੍ਰਾਪਤੀ ਦਾ ਬਿਗਲ ਵਜਾ ਦਿੱਤਾ। ਸਭ ਤੋਂ ਪਹਿਲਾਂ ਉਸ ਨੇ ਸਮਾਣਾ ਖੇਤਰ ਜਿੱਤਿਆ ਫਿਰ ਸਢੌਰਾ ਆਦਿ। ਜਦੋਂ ਉਸ ਨੇ ਮਹਿਸੂਸ ਕੀਤਾ ਕਿ ਹੁਣ ਉਸ ਕੋਲ ਸੈਨਿਕ ਸ਼ਕਤੀ ਇਸ ਯੋਗ ਹੈ ਕਿ ਉਹ ਸਰਹੰਦ ਦੇ ਨਵਾਬ ਵਜੀਦ ਖਾਨ ਨੂੰ ਚੁਨੌਤੀ ਦੇ ਸਕਦਾ ਹੈ ਤਾਂ ਉਸਨੇ ਵਜੀਦ ਖਾਨ ਨੂੰ ਲਲਕਾਰਿਆ ਅਤੇ ਗੁਰੂਦੇਵ ਦੇ ਛੋਟੀ ਉਮਰ ਦੇ ਨਿਰਦੇਸ਼ ਸਾਹਿਬਜ਼ਾਦਿਆਂ ਦੀ ਹੱਤਿਆ ਦਾ ਹਿਸਾਬ (ਚੁਕਾਉਣ) ਠੀਕ ਕਰਨ ਲਈ ਜਾ ਪਹੁੰਚਿਆ ਪਿੰਡ ਚੱਪੜ-ਚਿੜੀ (ਨੇੜੇ ਖਰੜ) ਦੇ ਰਣ-ਖੇਤਰ ਵਿਚ ਸਰਹਿੰਦ ਜਿੱਤ ਕੇ ਖਾਲਸਾ ਰਾਜ ਕਾਇਮ ਕਰ ਲਿਆ। ਉਸ ਨੇ ਜ਼ਿੰਮੀਦਾਰੀ ਪ੍ਰਥਾ ਖਤਮ ਕਰ ਕੇ ਕਿਸਾਨਾਂ ਨੂੰ ਭੋਏ ਦਾ ਮਾਲਿਕ ਬਣਾ ਦਿਤਾ ਅਤੇ ਗੁਰੂਨਾਨਕ ਅਤੇ ਗੁਰੂਗੋਬਿੰਦ ਸਿੰਘ ਜੀ ਦੇ ਨਾਂ ਤੇ ਸਿੱਕਾ ਜਾਰੀ ਕੀਤਾ। ਆਪਣੇ ਟੀਚੇ ਅਨੁਸਾਰ ਸਾਰੇ ਦੁਸ਼ਟਾਂ ਨੂੰ ਸੋਧਿਆ। ਜਦੋਂ ਗੁਰਦੇਵ ਜੀ ਵਲੋਂ ਦਿਤਾ ਗਿਆ ਟੀਚਾ ਪੂਰਾ ਕਰ ਲਿਆ ਗਿਆ ਤਾਂ ਬਾਦਸ਼ਾਹ ਬਹਾਦੁਰ ਸ਼ਾਹ ਦੱਖਣ ਭਾਰਤ ਤੋਂ ਵਾਪਸ ਆ ਗਿਆ। ਉਸ ਨੇ ਪੰਜਾਬ ਹਥੋਂ ਜਾਂਦਾ ਵੇਖ ਕੇ ਸਾਰੇ ਭਾਰਤ ਦੀਆਂ ਰਿਆਸਤਾਂ ਤੋਂ ਫੌਜ ਮੰਗਵਾਈ ਅਤੇ ਬੰਦਾ ਬਹਾਦੁਰ ਤੇ ਹਮਲਾ ਕਰ ਦਿਤਾ। ਇਹ ਲੜਾਈ ਕਈ ਮਹੀਨੇ ਚਲਦੀ ਰਹੀ। ਅੰਤ ਵਿਚ ਬੰਦਾ ਬਹਾਦੁਰ ਹਿਮਾਲਏ ਪਰਬਤ ਮਾਲਾ ਵਿਚ ਲਾ ਪਤਾ ਹੋ ਗਿਆ। ਜਦੋਂ ਬਹਾਦੁਰਸ਼ਾਹ ਨੇ ਮਹਿਸੂਸ ਕੀਤਾ ਕਿ ਦੁਸ਼ਮਣ ਹਥੋਂ ਨਿਕਲ ਗਿਆ ਹੈ ਅਤੇ ਸਾਡੀ ਬਹੁਤ ਵੱਡੀ ਫੌਜ ਦਾ ਵੱਡਾ ਨੁਕਸਾਨ ਹੋ ਚੁੱਕਾ ਹੈ ਤਦ ਉਹ ਇਹ ਸੱਦਮਾ ਬਰਦਾਸ਼ ਨਹੀਂ ਕਰ ਸਕੀਆ ਅਤੇ ਉਹ ਪਾਗਲ ਹੋ ਗਿਆ ਫਿਰ ਇਸੀ ਪਾਗਲਪਨ ਵਿਚ ਮਰ ਗਿਆ। ਉਸ ਦੇ ਬਾਅਦ ਭਾਰਤ ਦਾ ਬਾਦਸ਼ਾਹ ਫ਼ੁਰਖ਼ਸੀਅਰ ਬਣਿਆ। ਉਸ ਦੇ ਸਮੇਂ ਵਿਚ ਆਪਣੇ ਗੁਪਤ ਵਾਸ ਵਿਚੋਂ ਬੰਦਾ ਬਹਾਦਰ ਫਿਰ ਪ੍ਰਗਟ ਹੋ ਗਿਆ ਅਤੇ ਉਸ ਨੇ ਪੰਜਾਬ ਦੇ ਬਹੁਤ ਵੱਡੇ ਇਲਾਕੇ ਤੇ ਮੁੜ ਕਬਜਾ ਕਰ ਲਿਆ। ਇਹ ਵੇਖ ਕੇ ਫ਼ੁਰਖ਼ੁਸੀਅਰ ਨੇ ਪੰਜਾਬ ਦੇ ਰਾਜਪਾਲ ਅਬਦੁਲਸਮਦ ਖਾਨ ਨੂੰ ਹੁਕਮ ਦਿਤਾ ਕਿ ਉਹ ਇਸ ਉਭਰਦੀ ਹੋਈ ਤਾਕਤ ਨੂੰ ਛੇਤੀ ਹੀ ਕੁਚਲ ਦੇਵੇ। ਲਗਭਗ ਇਕ ਸਾਲ ਗੁਰੀਲਾ ਯੁੱਧ ਦੇ ਬਾਦ ਬੰਦਾ ਸਿੰਘ ਬੰਦਾ ਬਹਾਦੁਰ ਗੁਰਦਾਸ ਨੰਗਲ ਵਿਚ ਦੁਨੀ ਚੰਦ ਦੀ ਹਵੇਲੀ ਨੁਮਾ ਕਿਲੇ ਵਿੱਚ ਘਿਰ ਗਿਆ।

ਇਥੇ ਸਿੱਖਾਂ ਦੀ ਫੌਜ ਦੋ ਭਾਗਾਂ ਵਿਚ ਵੰਡੀ ਗਈ। ਬੰਦਾ ਸਿੰਘ ਦਾ ਵਿਚਾਰ ਸੀ ਕਿ ਅਸੀਂ ਇਸ ਗੜ੍ਹੀ ਵਿਚ ਰਹਿ ਕੇ ਸ਼ਹੀਦੀ ਪਾਣੀ ਹੈ। ਪਰ ਵਿਨੋਦ ਸਿੰਘ ਜੀ ਦਾ ਵਿਚਾਰ ਸੀ ਕਿ ਹਵੇਲੀ ਖਾਲੀ ਕਰ ਦੇਣੀ ਚਾਹੀਦੀ ਹੈ।

# ਗੁਰਦਾਸ ਨੰਗਲ ਦੀ ਗੜ੍ਹੀ ਦਾ ਘੇਰਾ

ਅਪ੍ਰੈਲ ਸੰਨ 1715 ਈਸਵੀਂ ਦੇ ਸ਼ੁਰੂਵਿਚ ਸ਼ਾਹੀ ਸੈਨਾ ਨੇ ਗੁਰਦਾਸ ਨੰਗਲ ਪਹੁੰਚਦਿਆਂ ਹੀ ਦੁਨੀਚੰਦ ਦੇ ਅਦਾਰੇ ਨੂੰ ਘੇਰੇ ਵਿਚ ਲੈ ਲਿਆ ਅਤੇ ਸਾਰੇ ਰਾਹ ਬੰਦ ਕਰ ਦਿੱਤੇ, ਉਸ ਸਮੇਂ ਲਾਹੌਰ ਦੇ ਸੂਬੇਦਾਰ ਦੇ ਕੋਲ ਤੀਹ ਹਜ਼ਾਰ ਪਿਆਦੇ, ਘੋੜਸਵਾਰ ਅਤੇ ਬਹੁਤ ਵੱਡਾ ਤੋਪਖ਼ਾਨਾ ਸੀ। ਅਬਦੁਲ-ਸਮੱਦ ਖ਼ਾਨ ਅਤੇ ਉਸਦੇ ਪੁੱਤਰ ਜਕਰੀਆ ਖ਼ਾਨ ਨੇ ਆਪਣੀਆਂ ਅਤੇ ਆਪਣੇ ਸਹਾਇਕਾਂ ਦੀਆਂ ਕਈ ਹਜ਼ਾਰ ਦੀ ਗਿਣਤੀ ਵਿਚ ਸੈਨਾਵਾਂ ਦੇ ਨਾਲ ਦੁਨੀਚੰਦ ਦੇ ਅਦਾਰੇ ਤੇ ਜ਼ੋਰਦਾਰ ਹਮਲੇ ਕੀਤੇ ਪਰ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸਾ ਅਸਫਲ ਹੀ ਰਹਿ ਗਈਆ। ਮੁੱਠੀ ਭਰ ਸਿੱਖਾਂ ਨੇ ਅਜਿਹੀ ਦਲੇਰੀ ਅਤੇ ਵੀਰਤਾ ਨਾਲ ਆਪਣੇ ਸਥਾਨ ਦੀ ਰਖਿਆ ਕੀਤੀ ਕਿ ਦੁਸ਼ਮਣਾਂ ਨੂੰ ਨੱਕ ਰਾਹੀਂ ਚਨੇ ਚਬਾ ਦਿੱਤੇ ਅਰਥਾਤ ਬਹੁਤ ਭਾਰੀ ਹਾਰ ਦਿੱਤੀ। ਇਬਰਤਨਾਮੇ ਦਾ ਲੇਖਕ ਮੁਹੰਮਦ ਕਾਸਿਮ ਜੋਕਿ ਮੌਕੇ ਦਾ ਗਵਾਹ ਸੀ ਲਿਖਦਾ ਹੈਃ- ਜਨੂੰਨੀ ਸ਼ਿੱਖਾਂ ਦੇ ਬਹਾਦਰੀ ਅਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ। ਤੁਰੰਤ ਸਿੱਖਾਂ ਨੇ ਗੁਰੀਲਾ ਯੁੱਧ ਦਾ ਸਹਾਰਾ ਲਿਆ। ਉਹ ਹਰ ਰੋਜ਼ ਦੋ ਜਾਂ ਤਿੰਨ ਵਾਰ ਅਕਸਰ ਚਾਲੀ ਜਾਂ ਪੰਜਾਹ ਦੀ ਗਿਣਤੀ ਵਿਚ ਇੱਕ ਕਾਫਲੇ ਦੇ ਰੂਪ ਵਿਚ ਗੜ੍ਹੀ ਤੋਂ ਬਾਹਰ ਨਿਕਲਦੇ ਅਤੇ ਸ਼ਾਹੀ ਲਸ਼ਕਰ ਤੇ ਟੁੱਟ ਪੈਂਦੇ। ਸਹਿਜ ਅਵਸਥਾ ਵਿਚ ਬੈਠੇ ਸਿਪਾਹੀਆਂ ਨੂੰ ਪਲ ਭਰ ਵਿਚ ਖਤਮ ਕਰਕੇ, ਰਸਦ ਅਤੇ ਹਥਿਆਰ ਆਦਿ ਜੋ ਹੱਥ ਲੱਗਦੇ ਲੁੱਟ ਕੇ ਲੈ ਜਾਂਦੇ। ਜਦੋਂ ਤੱਕ ਸ਼ਾਹੀ ਸੈਨਾ ਹਰਕਤ ਵਿਚ ਆਉਂਦੀ ਉਹ ਛੂ-ਮੰਤਰ ਹੋ ਜਾਂਦੇ। ਇਨ੍ਹਾਂ ਘਟਨਾਵਾਂ ਦਾ ਸ਼ਾਹੀ ਲਸ਼ਕਰ ਦੇ ਮਨ ਵਿਚ ਐਨਾ ਆਤੰਕ ਬੈਠਿਆ ਕਿ ਉਹ ਅੱਲਾ ਨੂੰ ਦੁਆ ਕਰਦੇ ਕਿ ਕੁਝ ਅਜਿਹਾ ਹੋ ਜਾਂਏ ਕਿ ਬੰਦਾ ਸਿੰਘ ਇਹ ਦੁਨੀਚੰਦ ਦੀ ਗੜ੍ਹੀ ਖਾਲੀ ਕਰਕੇ ਕਿਤੇ ਹੋਰ ਚਲਾ ਜਾਏ। ਜਿਸ ਨਾਲ ਉਨ੍ਹਾਂ ਨੂੰ ਰੋਜ਼-ਰੋਜ਼ ਦੇ ਦੈਸ਼ਤ ਤੋਂ ਛੁਟਕਾਰਾ ਮਿਲੇ।

ਮੁਗਲ ਸੈਨਾ ਨੇ ਹੌਲੀ-ਹੌਲੀ ਗੜ੍ਹੀ ਦਾ ਘੇਰਾ ਤੰਗ ਕਰਨਾ ਸ਼ੁਰੂਕਰ ਦਿੱਤਾ। ਕਿਉਂਕਿ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਹੁਣ ਸਿੱਖਾਂ ਕੋਲ ਗੋਲਾ-ਬਾਰੂਦ ਖਤਮ ਹੋ ਚੁੱਕਿਆ ਹੈ, ਸਿੱਖਾਂ ਨੂੰ ਘਿਰੇ ਹੋਏ ਕਈ ਮਾਹੀਨੇ ਹੋ ਗਏ, ਗੜ੍ਹੀ ਅੰਦਰ ਰਸਦ ਬਿਲਕੁਲ ਖਤਮ ਹੋ ਗਈ ਸੀ। ਜਦੋਂ ਸਿੱਖਾਂ ਦੇ

ਭੋਜਨ ਦੀ ਸਥਿਤੀ ਚਿੰਤਾ ਜਨਕ ਹੋ ਗਈ ਤੱਦ ਉਹ ਜਵਾਨ ਜਿਹੜੇ ਤੋਪਾਂ ਬੰਦੂਕਾਂ ਤੇ ਤੀਰਾਂ ਤੋਂ ਨਹੀਂ ਡਰੇ ਸਨ, ਉਨ੍ਹਾਂ ਨੂੰ ਭੁੱਖ ਨੇ ਤੋੜ ਦਿੱਤਾ।

ਦਲ ਖਾਲਸਾ ਦੀ ਮੱਤ ਸੀ ਕਿ ਦੁਸ਼ਮਣ ਲੰਮੇ ਸਮੇਂ ਦੇ ਘਿਰਾਉ ਤੋਂ ਖੁਦ ਹੀ ਤੰਗ ਆ ਚੁੱਕੇ ਹਨ। ਇਸ ਲਈ ਉਹ ਜਲਦੀ ਹੀ ਘੇਰਾ ਚੁੱਕ ਲੈਣਗੇ। ਪਰ ਮੁਗਲ ਸੈਨਾ ਬਾਦਸ਼ਾਹ ਦੇ ਡਰ ਦੇ ਕਾਰਨ ਘੇਰਾ ਚੁੱਕਣ ਦੀ ਸਥਿਤੀ ਵਿਚ ਨਹੀਂ ਸੀ। ਇਸ ਕਾਰਨ ਖਾਲਸਾ ਪੰਚਾਇਤ ਨੇ ਗੜ੍ਹੀ ਖਾਲੀ ਕਰ ਦੇਣ ਦਾ ਫੈਸਲਾ ਲੈ ਲਿਆ। ਉਨ੍ਹਾਂ ਦਾ ਮਤ ਸੀ ਕਿ ਭੁੱਖ ਨਾਲ ਵਿਆਕੁਲ ਹੋ ਕੇ ਮਰਨ ਨਾਲੋਂ ਲੜ ਕੇ ਮਰਨਾ ਚੰਗਾ ਹੈ। ਪਰ ਦਲ ਖਾਲਸਾ ਦੇ ਨਾਇਕ ਜੱਥੇਦਾਰ ਬੰਦਾ ਸਿੰਘ ਇਸ ਵਾਰੀ ਭੱਜ ਕੇ ਨਿਕਲਣ ਲਈ ਸਹਿਮਤ ਨਾ ਹੋਏ, ਉਨ੍ਹਾਂ ਅਨੁਸਾਰ ਜੇ ਉਹ ਕੁਝ ਦਿਨ ਹੋਰ ਭੁੱਖ ਦਾ ਦੁੱਖ ਝੱਲ ਲੈਣ ਤਾਂ ਸਦੀਵੀ ਜਿੱਤ ਪ੍ਰਾਪਤ ਹੋਵੇਗੀ। ਪਰ ਜਵਾਨਾਂ ਤੋਂ ਭੁੱਖ ਦਾ ਦੁੱਖ ਝੱਲਿਆ ਨਹੀਂ ਸੀ ਜਾ ਰਿਹਾ। ਇਸ ਗੱਲ ਨੂੰ ਲੈ ਕੇ ਦਲ-ਖਾਲਸਾ ਵਿਚ ਗੁੱਟ-ਬੰਦੀ ਹੋ ਗਈ। ਵਧੇਰੇ ਜਵਾਨ ਬਿਰਧ ਨੇਤਾ ਵਿਨੋਦ ਸਿੰਘ ਦੇ ਵਿਚਾਰਾ ਨਾਲ ਸਹਿਮਤੀ ਰਖਦੇ ਸਨ ਅਤੇ ਉਨ੍ਹਾਂ ਅਨੁਸਾਰ ਰਣ-ਭੂਮੀ ਵਿਚ ਜੂਝਦਿਆਂ ਹੋਇਆ ਵੀਰਗਤੀ ਪਾਉਣ ਹੀ ਉਚਿਤ ਹੈ ਨਾ ਕਿ ਭੁੱਖ ਦੀ ਵਿਆਕੁਲਤਾ ਨਾਲ ਪੀੜਤ ਹੋ ਕੇ ਪ੍ਰਾਣ-ਤਿਆਗਣਾ। ਅਖੀਰ ਮਤਭੇਦ ਵੱਧ ਗਿਆ। ਤਦ ਬਿਨੋਦ ਸਿੰਘ ਜੀ ਦੇ ਸਪੁੱਤਰ ਕਾਹਨ ਸਿੰਘ ਜੀ ਨੇ ਇੱਕ ਪ੍ਰਸਤਾਵ ਰਖਿਆ ਅਤੇ ਕਿਹਾ, ਜਿਹੜੇ ਲੋਕ ਗੜ੍ਹੀ ਛੱਡਣਾ ਚਾਹੁੰਦੇ ਹਨ ਉਹ ਗੜ੍ਹੀ ਤਿਆਗ ਦੇਣ ਅਤੇ ਜਿਹੜੇ ਇਥੇ ਰਹਿ ਕੇ ਸ਼ਹੀਦੀ ਦੇਣਾ ਚਾਹੁੰਦੇ ਹਨ, ਉਹ ਇਥੇ ਹੀ ਰਹਿਣ, ਇਸ ਗੱਲ ਨੂੰ ਲੈ ਕੇ ਆਪਸ ਵਿਚ ਝਗੜਨਾ ਠੀਕ ਨਹੀਂ। ਅਜਿਹਾ ਹੀ ਕੀਤਾ ਗਿਆ। ਬਹੁਤ ਵੱਡੀ ਗਿਣਤੀ ਵਿਚ ਜਵਾਨਾਂ ਨੇ ਸਰਦਾਰ ਵਿਨੋਦ ਸਿੰਘ ਜੀ ਦੀ ਅਗਵਾਈ ਵਿਚ ਦੁਨੀ ਚੰਦ ਦੀ ਗੜ੍ਹੀ ਤਿਆਗ ਦਿੱਤੀ ਅਤੇ ਦੁਸ਼ਮਣ ਦੀ ਸੈਨਾ ਨਾਲ ਸੰਘਰਸ਼ ਕਰਦੇ ਹੋਏ ਦੂਰ ਕਿਤੇ ਅਲੋਪ ਹੋ ਗਏ। ਦੁਸ਼ਮਣ ਸੈਨਾ ਵੀ ਬਹੁਤ ਤੰਗੀ ਵਿਚ ਸੀ। ਉਹ ਇਹੀ ਤਾਂ ਚਾਹੁੰਦੇ ਸਨ ਕਿ ਕਿਸੇ ਵੀ ਤਰ੍ਹਾਂ ਇਸ ਤੰਗ ਘੇਰੇ ਵਾਲੇ ਸਥਾਨ ਤੋਂ ਛੁਟਕਾਰਾ ਹੋਵੇ, ਜਿਥੇ ਹਰ ਪਲ ਆਤੰਕ ਦੇ ਸਾਏ ਵਿਚ ਜਿਊਣਾ ਪੈਂਦਾ ਹੈ। ਹੁਣ ਪਿਛੇ ਉਹੀ ਜਵਾਨ ਰਹਿ ਗਏ ਸਨ, ਕਿਹੜੇ ਜੱਥੇਦਾਰ ਤੇ ਅਥਾਹ ਸ਼ਰਧਾ-ਵਿਸ਼ਵਾਸ ਰੱਖਦੇ ਸਨ। ਇਨ੍ਹਾਂ ਵਿਚ ਕਈ ਤਾਂ ਬੰਦਾ ਸਿੰਘ ਜੀ ਦੇ ਬਚਨਾਂ ਨੂੰ ਸਤ-ਬਚਨ ਕਰਕੇ ਮੰਨਣ ਵਾਲੇ ਅਤੇ

ਉਨ੍ਹਾਂ ਦੇ ਇੱਕ ਇਸ਼ਾਰੇ ਤੇ ਆਪਣੇ ਪ੍ਰਾਣਾ ਦੀ ਆਹੂਤੀ ਦੇਣ ਲਈ ਤਤਪਰ ਰਹਿੰਦੇ ਸਨ। ਕੁਝ ਜਵਾਨਾਂ ਨੇ ਬੰਦਾ ਸਿੰਘ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਹੁਣ ਉਹ ਕੋਈ ਚਮਤਕਾਰ ਦਿਖਾਉਣ, ਜਿਵੇਂ ਕਿ ਉਹ ਅਕਸਰ ਮੁਸੀਬਤ ਦੇ ਸਮੇਂ ਵਿਚ ਅਲੌਕਿਕ ਸ਼ਕਤੀਆਂ ਦਾ ਪ੍ਰਦਰਸ਼ਨ ਕਰਦੇ ਸਨ। ਪਰ ਇਸ ਵਾਰ ਬੰਦਾ ਸਿੰਘ ਜੀ ਨੇ ਸਪਸ਼ਟ ਸ਼ਬਦਾ ਵਿਚ ਕਿਹਾ, "ਮੈਂ ਪਛਤਾਵਾ ਕਰਨਾ ਚਾਹੁੰਦਾ ਹਾਂ ਕਿਉਂਕਿ ਸਾਡੇ ਹੱਥੋਂ ਅਣਜਾਣੇ ਹੀ ਪਤਾ ਨਹੀਂ ਕਿੰਨੇ ਨਿਰਦੋਸ਼ ਵਿਅਕਤੀਆਂ ਦੀ ਹਤਿਆ ਹੋਈ ਹੈ। ਹੁਣ ਅਸੀਂ ਸਾਮਰਾਜ ਸਥਾਪਤ ਕਰਨ ਲਈ ਨਹੀਂ ਲੜਾਂਗੇ ਬਲਕਿ ਆਪਣੀਆਂ ਭੁੱਲਾਂ ਨੂੰ ਸੁਧਾਰਨ ਲਈ ਆਪਣੇ ਕੀਤੇ ਅਪਰਾਧਾਂ ਨੂੰ ਆਪਣੇ ਖ਼ੂਨ ਨਾਲ ਧੋਣ ਲਈ ਮੌਤ ਨਾਲ ਲੜਾਂਗੇ। ਇਹੀ ਸਾਡਾ ਅਲੌਕਿਕ ਸ਼ਕਤੀ ਦਾ ਪ੍ਰਦਰਸ਼ਨ ਅਤੇ ਸ਼ਹੀਦੀ ਪ੍ਰਾਪਤ ਕਰਨ ਦਾ ਚਮਤਕਾਰ ਹੋਵੇਗਾ।

ਸਾਰੇ ਜਵਾਨਾਂ ਨੇ ਉਨ੍ਹਾਂ ਦੇ ਹਿਰਦੇ ਦੀਆਂ ਭਾਵਨਾਵਾਂ ਨੂੰ ਸਮਝਿਆ ਅਤੇ ਉਨ੍ਹਾਂ ਉਤੇ ਪੂਰਾ ਵਿਸ਼ਵਾਸ਼ ਦਰਸਾਇਆ ਤੇ ਕਿਹਾ, ਤੁਸੀ ਜਿਵੇਂ ਕਹੋਗੇ ਅਸੀ ਉਸੇ ਤਰ੍ਹਾਂ ਆਪਣੇ ਜੀਵਨ ਦਾ ਬਲੀਦਾਨ ਦੇ ਦਿਆਂਗੇ। ਤਦ ਬੰਦਾ ਸਿੰਘ ਜੀ ਨੇ ਕਿਹਾ, ਗੁਰਮਤਿ ਸਿਧਾਤਾਂ ਅਨੁਸਾਰ ਕੀਤੇ ਗਏ ਕਰਮਾਂ ਦਾ ਲੇਖਾ ਦੇਣਾ ਹੀ ਪੈਂਦਾ ਹੈ, ਤਾਂ ਜੋ ਸਾਨੂੰ ਪੁਨਰ-ਜਨਮ ਨਾ ਲੈਣਾ ਪਵੇ। ਇਸ ਲਈ ਸਾਨੂੰ ਇਸ ਜਨਮ ਵਿਚ ਸਜ਼ਾ ਸ਼ਵੀਕਾਰ ਕਰ ਲੈਣੀ ਚਾਹੀਦੀ ਹੈ ਤਾਂ ਜੋ ਅਸੀ ਪ੍ਰਭੂ ਦੇ ਚਰਨਾਂ ਵਿਚ ਸਥਾਨ ਪ੍ਰਾਪਤ ਕਰ ਸਕੀਏ। ਵੈਸੇ ਵੀ ਆਪਣੀ ਇੱਛਾ ਨਾਲ ਸ਼ਹੀਦੀ ਪ੍ਰਾਪਤ ਕਰਨਾ ਕੀਮਤੀ ਖਜ਼ਾਨੇ ਵਾਂਗ ਹੈ।

## 'ਜਥੇਦਾਰ ਬੰਦਾ ਸਿੰਘ ਜੀ ਦਾ ਆਤਮ ਸਮਰਪਣ'

ਸਰਦਾਰ ਬਿਨੋਦ ਸਿੰਘ ਜੀ ਠੀਕ ਸਮੇਂ ਤੇ ਰਸਦ ਦੀ ਘਾਟ ਨੂੰ ਦੇਖਦਿਆਂ ਹੋਇਆਂ ਦੁਨੀਚੰਦ ਦੀ ਗੜ੍ਹੀ ਖਾਲੀ ਕਰ ਗਏ। ਪਿੱਛੇ ਸਿਰਫ **250-300** ਦੇ ਲਗਭਗ ਯੋਧੇ ਰਹਿ ਗਏ। ਇਨ੍ਹਾਂ ਨੇ ਭੁੱਖੇ ਮਰਨਾ ਕਬੂਲ ਕਰ ਲਿਆ। ਇਨ੍ਹਾਂ ਜਵਾਨਾਂ ਨੇ ਆਪਣੇ ਜੱਥੇਦਾਰ ਦੇ ਆਦੇਸ਼ ਤੇ ਆਪਣੇ ਢਿੱਡ ਦੀ ਅੱਗ ਬੁਝਾਉਣ ਲਈ ਦਰੱਖਤਾਂ ਦੇ ਪੱਤੇ ਅਤੇ ਹੋਰ ਪਸ਼ੂਆਂ ਦਾ ਮਾਸ ਖਾ ਕੇ ਕੁਝ ਦਿਨ ਬਤੀਤ

ਕੀਤੇ, ਪਰ ਮਾੜੇ ਹਾਲਾਤ ਦੇ ਕਾਰਨ ਸਾਰੇ ਜਵਾਨ ਬਦਹਜ਼ਮੀ ਦੇ ਰੋਗ ਦੇ ਸ਼ਿਕਾਰ ਹੋ ਗਏ। ਕਈ ਤਾਂ ਬਿਮਾਰੀ ਦੀ ਹਾਲਤ ਵਿਚ ਸਰੀਰ ਤਿਆਗ ਕੇ ਪਰਲੋਕ ਸਿਧਾਰ ਗਏ। ਭੋਜਨ ਦੀ ਕਮੀ ਕਾਰਨ ਲਗਭਗ ਸਾਰੇ ਜਵਾਨ ਸ਼ੁੱਕ ਕੇ ਕੰਡੇ ਵਾਂਗ ਹੋ ਗਏ ਅਤੇ ਕਮਜੋਰੀ ਦੀ ਹਾਲਤ ਵਿਚ ਨਿਢਾਲ ਹੋ ਗਏ।

ਗੜ੍ਹੀ ਦੇ ਅੰਦਰ ਸਿੱਖ ਅਧਮਰੀ ਹਾਲਤ ਵਿਚ ਪਏ ਸਨ। ਰੋਗ ਅਤੇ ਕਮਜੋਰੀ ਦੇ ਕਾਰਨ ਉਹ ਯੁੱਧ ਕਰਨ ਤੋਂ ਅਸਮਰਥ ਸਨ। ਪਰ ਸ਼ਾਹੀ ਸੈਨਾ ਤੇ ਸਿੱਖਾਂ ਦਾ ਅਜਿਹਾ ਆਤੰਕ ਬੈਠਿਆ ਹੋਇਆ ਸੀ ਕਿ ਡਰ ਦੇ ਕਾਰਨ ਕੋਈ ਗੜ੍ਹੀ ਦੇ ਅੰਦਰ ਜਾਣ ਦਾ ਹੌਂਸਲਾ ਨਹੀਂ ਸੀ ਕਰਦਾ। ਮੁਗਲ ਸੈਨਾ ਦੇ ਮੁਖੀ ਅਬਦੁਲ ਸਮਦ ਖਾਨ ਨੇ ਸਿੱਖਾ ਨੂੰ ਇੱਕ ਚਿਠੀ ਰਾਹੀ ਕਿਹਾ, ਜੇ ਤੁਸੀ ਦਰਵਾਜ਼ਾ ਖੋਲ੍ਹ ਕੇ ਆਤਮ ਸਮਰਪਣ ਕਰ ਦਿਓਗੇ ਤਾਂ ਮੈਂ ਤੁਹਾਨੂੰ ਵਚਨ ਦੇਦਾ ਹਾਂ ਕਿ ਬਾਦਸ਼ਾਹ ਤੋ ਤੁਹਾਡੇ ਲਈ ਮੁਆਫੀ ਦੀ ਸਿਫਾਰਸ਼ ਕਰਾਂਗਾ। ਕੋਈ ਵੀ ਸਿੱਖ ਇਸ ਝਾਂਸੇ ਵਿਚ ਆਉਣ ਵਾਲਾ ਨਹੀਂ ਸੀ। ਉਹ ਤਾਂ ਪਹਿਲਾਂ ਤੋ ਹੀ ਆਤਮ ਬਲੀਦਾਨ ਦੇਣ ਲਈ ਤਿਆਰ ਬੈਠੇ ਸਨ। ਉਨ੍ਹਾਂ ਨੇ ਲੜਨਾ ਬੰਦ ਕਰ ਦਿੱਤਾ ਸੀ ਪਰ ਆਤਮ ਸਮਰਪਣ ਲਈ ਠੀਕ ਸਮਾਂ ਆਉਣ ਦੀ ਉਡੀਕ ਵਿਚ ਸਨ। ਅਖੀਰ ਉਹ ਸਮਾਂ ਵੀ ਆ ਗਿਆ। ਸਿੱਖਾਂ ਨੇ ਦਰਵਾਜਾ ਖੋਲ੍ਹ ਦਿੱਤਾ।

ਬਸ ਫਿਰ ਕੀ ਸੀ ਦੁਸ਼ਮਣ ਜਿਹੜੇ ਉਨ੍ਹਾਂ ਦੇ ਨਾਂ ਤੋਂ ਕੰਬਦੇ ਸਨ, ਹੁਣ ਉਨ੍ਹਾਂ ਦੀ ਲਾਚਾਰੀ ਤੇ ਬਹਾਦਰੀ ਦੇ ਜੌਹਰ ਵਿਖਾਉਣ ਲੱਗੇ। ਸਫਲਤਾ ਦੇ ਹੰਕਾਰ ਵਿਚ ਅਬਦੁਲ ਸਮਦ ਖਾਨ ਚੰਗੇ ਵਿਵਹਾਰ ਦੇ ਸਾਰੇ ਵਚਨ ਭੁਲ ਗਿਆ ਅਤੇ ਨਿਢਾਲ ਹੋ ਰਹੇ ਸਿੱਖਾਂ ਦੇ ਹੱਥ – ਪੈਰ ਜਕੜ ਦੇ ਉਨ੍ਹਾਂ ਨੂੰ ਕਸ਼ਟ ਦਿੱਤੇ ਗਏ। ਕੁਝ ਬੇਸੁਰਤ ਸਿੱਖਾਂ ਨੂੰ ਉਥੇ ਹੀ ਖਤਮ ਕਰ ਦਿੱਤਾ ਗਿਆ। ਉਨ੍ਹਾਂ ਦੇ ਢਿੱਡ ਇਸ ਲਾਲਚ ਲਈ ਚੀਰ ਦਿੱਤੇ ਗਏ ਕਿ ਕਿਤੇ ਉਹ ਸੋਨੇ ਦੀਆਂ ਮੁਹਰਾਂ ਹੀ ਨਾ ਨਿਗਲ ਗਏ ਹੋਣ। ਇਸ ਤਰ੍ਹਾਂ ਪੂਰਾ ਮੈਦਾਨ ਖੂਨ ਨਾਲ ਲੱਖ–ਪੱਥ ਕਰ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਦੇ ਸਿਰ ਕੱਟ ਕੇ ਘਾਹ–ਫੂਸ ਨਾਲ ਭਰ ਦਿੱਤੇ ਗਏ ਅਤੇ ਭਾਲਿਆਂ ਤੇ ਟੰਗ ਦਿੱਤੇ ਗਏ। ਗੁਰਦਾਸ ਨੰਗਲ ਦਾ ਪਿੰਡ ਅਤੇ ਭਾਈ ਦੁਨੀ ਚੰਦ ਦੀ ਹਵੇਲੀ ਸਭ ਤਹਿਸ– ਨਹਿਸ ਕਰ ਦਿਤੇ ਗਏ, ਉਥੇ ਸਿਰਫ ਖੰਡਰ ਹੀ ਬਾਕੀ ਰਹਿ ਗਏ ਸਨ। ਇਹ ਘਟਨਾ ਦਸੰਬਰ ਦੇ ਸ਼ੁਰੂਵਿਚ ਸੰਨ 1715 ਈ. ਨੂੰ ਹੋਈ।

ਮੁਹੰਮਦ ਹਾਦੀ ਕਾਮਵਰ ਖਾਨ ਲਿਖਦ ਹੈ, ਇਹ ਕਿਸੇ ਦੀ ਬੁਧੀਮਤਾ ਜਾਂ ਸੂਰਬੀਰਤਾ ਦਾ ਨਤੀਜਾ ਨਹੀ ਸੀ ਸਗੋਂ ਪ੍ਰਮਾਤਮਾ ਕੀ ਕ੍ਰਿਪਾ ਸੀ ਕਿ ਇਸ ਤਰ੍ਹਾ ਹੋ ਗਿਆ। ਨਹੀਂ ਤਾਂ ਹਰ ਕੋਈ ਜਾਣਦਾ ਸੀ ਕਿ ਸਵਰਗਵਾਸੀ ਬਾਦਸ਼ਾਹ ਬਹਾਦੁਰ ਸ਼ਾਹ ਨੇ ਆਪਣੇ ਚਾਰੇ ਸ਼ਹਿਜ਼ਾਦਿਆਂ ਅਤੇ ਅਣਗਿਣਤ ਵੱਡੇ-ਵੱਡੇ ਅਫਸਰਾਂ ਸਹਿਤ ਇਸ ਵਿਦਰੋਹ ਨੂੰ ਖਤਮ ਕਰਨ ਲਈ ਅਣਗਿਣਤ ਯਤਨ ਕੀਤੇ ਸਨ। ਪਰ ਉਹ ਸਾਰੇ ਅਸਫਲ ਹੀ ਰਹੇ।

## ਕੈਦੀ ਸਿੱਖਾਂ ਦੇ ਨਾਲ ਦੁਰਵਿਵਹਾਰ

7 ਦਸੰਬਰ ਸੰਨ 1715 ਈਸਵੀ ਨੂੰ ਸ਼ਾਹੀ ਸੈਨਾ ਨੇ ਗੁਰਦਾਸ ਨੰਗਲ ਦੀ ਗੜ੍ਹੀ ਤੇ ਕਬਜ਼ਾ ਕਰ ਲਿਆ। ਬਹੁਤ ਵੱਡੀ ਸੰਖਿਆ ਵਿਚ ਬੇਸੁਰਤ ਅਤੇ ਅੱਧ ਮੋਏ ਸਿੱਖਾਂ ਨੂੰ ਮਾਰ ਦਿੱਤਾ ਗਿਆ। ਜਿਹੜੇ ਬਚੇ ਉਨ੍ਹਾਂ ਦੀ ਗਿਣਤੀ ਲਗਭਗ 300 ਦੇ ਕਰੀਬ ਸੀ। ਅਬਦੁਸ ਸਮਦ ਖਾਨ ਸਿੱਖ ਕੈਦੀਆਂ ਨੂੰ ਲਾਹੌਰ ਲੈ ਗਿਆ। ਸ਼ਾਹੀ ਸੈਨਾ ਦਾ ਅਜਿਹਾ ਵਿਚਾਰ ਸੀ ਕਿ ਦਲ ਖਾਲਸਾ ਦਾ ਨਾਇਕ ਜੱਥੇਦਾਰ ਬੰਦਾ ਸਿੰਘ ਕਰਾਮਾਤੀ ਸ਼ਕਤੀਆਂ ਦਾ ਸੁਆਮੀ ਹੈ। ਇਸ ਲਈ ਉਹ ਬੰਦਾ ਸਿੰਘ ਜੀ ਤੋਂ ਬਹੁਤ ਭੈ – ਭੀਤ ਰਹਿੰਦੇ ਸਨ। ਉਨ੍ਹਾਂ ਨੂੰ ਡਰ ਸੀ ਕਿ ਬੰਦਾ ਸਿੰਘ ਜੀ ਕੈਦ ਵਿਚੋਂ ਵੀ ਅਦ੍ਰਿਸ਼ਟ ਹੋ ਕੇ ਕਿਤੇ ਲੁਕ ਨਾ ਜਾਵੇ। ਇਸ ਲਈ ਉਸਦੇ ਪੈਰਾਂ ਵਿਚ ਬੇੜੀਆਂ, ਲੱਤਾ ਵਿਚ ਛੱਲੇ, ਲੱਕ ਦੇ ਆਲੇ – ਦੁਆਲੇ ਸੰਗਲ ਅਤੇ ਗਲੇਵਿਚ ਕੁੰਡਲ ਪਾ ਦਿੱਤੇ ਗਏ ਸਨ। ਇਨ੍ਹਾਂ ਵਸਤੂਆਂ ਨੂੰ ਲਕੜੀ ਦੇ ਖੰਭਿਆਂ ਨਾਲ ਬੰਨ੍ਹਿਆ ਹੋਇਆ ਸੀ। ਇਸ ਤਰ੍ਹਾਂ ਬੰਦਾ ਸਿੰਘ ਜੀ ਨੂੰ ਚੰਗੀ ਤਰ੍ਹਾਂ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਪਾਇਆ ਹੋਇਆ ਸੀ। ਇਸ ਪਿੰਜਰੇ ਦੀ ਨਿਗਰਾਨੀ ਦੋ ਮੁਗਲ ਸਿਪਾਹੀ ਹੱਥ ਵਿਚ ਨੰਗੀ ਤਲਵਾਰ ਲੈ ਕੇ ਕਰ ਰਹੇ ਸਨ। ਬੰਦਾ ਸਿੰਘ ਦੇ ਸਹਾਇਕ ਅਧਿਕਾਰੀਆਂ ਨੂੰ ਬੇੜੀਆਂ ਪਾਈਆਂ ਹੋਈਆਂ ਸਨ। ਉਨ੍ਹਾਂ ਨੂੰ ਲੰਗੜੇ, ਨਿਰਜੀਵ ਅਤੇ ਮਰੀਅਲ ਗਧਿਆਂ ਟਟੂਆਂ ਤੇ ਉਠਾਂ ਉਤੇ ਚੜ੍ਹਾਇਆ ਹੋਇਆ ਸੀ। ਉਨ੍ਹਾਂ ਦੇ ਸਿਰਾ ਤੇ ਟੋਪੀਆਂ ਪਾਈਆਂ ਹੋਈਆਂ ਸਨ। ਉਨ੍ਹਾਂ ਦੇ ਅੱਗੇ ਢੋਲ ਅਤੇ ਵਾਜਾ ਵੱਜਦਾ ਆ ਰਿਹਾ ਸੀ ਅਤੇ ਪਿਛੇ ਮੁਗਲ ਸਿਪਾਹੀਆਂ ਨੇ ਭਾਲਿਆਂ ਉਤੇ ਸਿੱਖਾਂ ਦੇ ਸਿਰ ਟੰਗੇ ਹੋਏ ਸਨ। ਕੈਦੀਆਂ ਦੇ ਪਿਛੇ ਜਿੱਤ ਦੇ ਰੂਪ ਵਿਚ ਬਾਦਸ਼ਾਹੀ ਅਮੀਰ ਫੌਜਦਾਰ ਅਤੇ ਕਈ

ਹਿੰਦੂਰਾਜੇ ਆਪਣੇ ਸੈਨਾ ਸਹਿਤ ਚਲੇ ਆ ਰਹੇ ਸਨ। ਇਸ ਤਰ੍ਹਾਂ ਇਸ ਜਲੂਸ ਨੂੰ ਲਾਹੌਰ ਨਗਰ ਵਿਚ ਘੁੰਮਾਇਆ ਗਿਆ ਤਾਂ ਕਿ ਲੋਕਾਂ ਨੂੰ ਭੈ-ਭੀਤ ਕੀਤਾ ਜਾ ਸਕੇ ਅਤੇ ਮੁਗਲਾਂ ਦਾ ਦਬਦਬਾ ਬਿਠਾਇਆ ਜਾ ਸਕੇ।

ਲਾਹੌਰ ਤੋਂ ਸਿੱਖਾਂ ਨੂੰ ਦਿੱਲੀ ਲੈ ਜਾਣ ਦਾ ਪ੍ਰੋਗਰਾਮ ਜਕਰੀਆ ਖਾਨ ਨੂੰ ਸੌਂਪਿਆ ਗਿਆ, ਪਰ ਉਸ ਨੂੰ ਗ੍ਰਿਫਤਾਰ ਕੀਤੇ ਗਏ ਸਿੱਖਾ ਦੀ ਗਿਣਤੀ ਬਹੁਤ ਘੱਟ ਲੱਗੀ। ਉਸਨੇ ਸਾਰੇ ਪੰਜਾਬ ਦੇ ਇਲਾਕੇ ਵਿਚ ਸਿੱਖਾਂ ਦੀ ਖੋਜ ਸ਼ੁਰੂਕਰ ਦਿੱਤੀ। ਉਸ ਦੇ ਆਦੇਸ ਤੇ ਫੌਜਦਾਰ ਅਤੇ ਚੌਧਰੀ ਪਿੰਡ -ਪਿੰਡ ਤਲਾਸ਼ੀ ਲਈ ਗਏ। ਇਸ ਤਰ੍ਹਾਂ ਉਨ੍ਹਾਂ ਨੇ ਅਨੇਕਾ ਬੇਕਸੂਰ ਲੋਕਾਂ ਨੂੰ ਫੜ ਕੇ ਜਕਰੀਆ ਖਾਨ ਕੋਲ ਭੇਜ ਦਿੱਤਾ, ਜਿਸ ਨਾਲ ਕੈਦੀ ਸਿੱਖਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਸਕੇ। ਲਗਭਗ **400** ਬੇਗੁਨਾਹ ਸਿੱਖ ਇਨ੍ਹਾਂ ਕੈਦੀਆਂ ਦੇ ਨਾਲ ਹੋਰ ਸ਼ਾਮਲ ਕਰ ਦਿੱਤੇ ਗਏ। ਇਨ੍ਹਾਂ ਲੋਕਾਂ ਦਾ ਅਪਰਾਧ ਕੇਵਲ ਸਿੱਖ ਧਰਮ ਅਪਨਾਉਣਾ ਅਤੇ ਗੈਰ-ਮੁਸਲਿਮ ਹੋਣਾ ਸੀ।

ਲਾਹੌਰ ਤੋਂ ਦਿੱਲੀ ਰਵਾਨਾ ਕਰਦੇ ਸਮੇਂ ਇਨ੍ਹਾਂ ਸਾਰੇ ਸਿੱਖਾਂ ਦੀ ਬਹੁਤ ਦੁਰਗਤੀ ਕੀਤੀ ਗਈ। ਸਭਿਅਕ ਸਮਾਜ ਵਿਚ ਅਜਿਹੀ ਕਰਤੂਤ ਜਾਹਿਲ ਅਤੇ ਅਰਧ ਜੰਗਲੀ ਜੇਤੂਹੀ ਕਰ ਸਕਦੇ ਹਨ। ਬੰਦਾ ਸਿੰਘ ਵਾਂਗ ਹੀ ਇਸ ਵਾਰੀ ਸਾਰੇ ਕੈਦੀਆਂ ਨੂੰ ਲੋਹੇ ਦੀਆਂ ਜੰਜੀਰਾਂ ਵਿਚ ਜਕੜਿਆ ਹੋਇਆ ਸੀ ਅਤੇ ਦੋ - ਦੋ ਤੇ ਤਿੰਨ -ਤਿੰਨ ਕਰਕੇ ਟਾਂਗਿਆਂ ਤੇ ਲੱਦਿਆ ਗਿਆ ਸੀ। ਸਰਹੰਦ ਪਹੁੰਚਣ ਤੇ ਉਨ੍ਹਾਂ ਨੂੰ ਉਥੋਂ ਦੇ ਬਾਜ਼ਾਰਾਂ ਵਿਚ ਘੁੰਮਾਇਆ ਗਿਆ, ਜਿਥੇ ਲੋਕ ਉਨਾਂ ਦਾ ਮਖੌਲ ਉਡਾਉਂਦੇ ਤੇ ਗਾਲ੍ਹਾਂ ਕੱਢਦੇ ਸਨ। ਇਨ੍ਹਾਂ ਸਿੱਖਾਂ ਨੇ ਇਹ ਸਭ ਕੁਝ ਸ਼ਬਦ (ਗੁਰਬਾਣੀ) ਪੜ੍ਹਦਿਆਂ ਹੋਇਆ ਬੜੀ ਧੀਰਜ ਨਾਲ ਸਹਿ ਲਿਆ।


ਲਾਹੌਰ ਦੇ ਨਵਾਬ ਜ਼ਕ੍ਰਿਯਾਖਾਨ ਦੇ ਫ਼ੌਜੀਆਂ ਨੇ ਪਿੰਡਾ ਅਤੇ ਦਿਹਾਤਾਂ ਵਿੱਚੋਂ ਆਮ ਗਰੀਬ ਸਿੱਖਾਂ ਦੀ ਹਤਿਆਂ ਕਰ ਕੇ ਉੱਨਾਂ ਦੇ ਸਿਰ ਦਿੱਲੀ ਲੈ ਜਾਂਦੇ ਹੋਏ।

27 ਫਰਵਰੀ 1716 ਨੂੰ ਇਹ ਸਿੱਖ ਕੈਦੀ ਦਿੱਲੀ ਦੀ ਹੱਦ ਦੇ ਨੇੜੇ ਪਹੁੰਚੇ। ਤਦ ਫਰੁਸੀਅਰ ਬਾਦਸ਼ਾਹ ਨੇ ਮੁਹੰਮਦ ਅਮੀਨ ਖਾਨ ਨੂੰ ਆਦੇਸ਼ ਦਿੱਤਾ ਕਿ ਉਹ ਸਿੱਖ ਕੈਦੀਆਂ ਨੂੰ ਇੱਕ ਵਿਸ਼ੇਸ਼ ਜਲੂਸ ਦੀ ਸ਼ਕਲ ਵਿਚ ਦਿੱਲੀ ਦੇ ਬਾਜ਼ਾਰਾਂ ਵਿਚੋਂ ਘੁੰਮਾਉਂਦਾ ਹੋਇਆ ਬਾਦਸ਼ਾਹੀ ਮਹੱਲ ਤੱਕ ਲਿਆਵੇ। ਜਲੂਸ ਵਿਚ ਸਭ ਤੋਂ ਅੱਗੇ ਮਾਰੇ ਗਏ ਉਹ ਸਿੱਖ ਸਨ, ਜਿਨ੍ਹਾਂ ਨੂੰ ਘਾਹ-ਫੂਸ ਨਾਲ ਭਰਿਆ ਹੋਇਆ ਸੀ ਤੇ ਭਾਲਿਆਂ ਉੱਤੇ ਟੰਗਿਆ ਹੋਇਆ ਸੀ, ਇਸ ਤਰ੍ਹਾਂ ਉਨ੍ਹਾਂ ਦੇ ਕੇਸ ਹਵਾ ਵਿਚ ਉੱਡ ਰਹੇ ਸਨ। ਉਸਦੇ ਪਿਛੇ ਇੱਕ ਹਾਥੀ ਝੂਮਦਾ ਹੋਇਆ ਆ ਰਿਹਾ ਸੀ, ਜਿਸ ਉਤੇ ਦਲ ਖਾਲਸਾ ਦੇ ਸੈਨਾ ਨਾਇਕ ਬੰਦਾ ਸਿੰਘ ਬਹਾਦਰ ਨੂੰ ਲੋਹੇ ਦੇ ਪਿੰਜਰੇ ਵਿਚ ਕੈਦ ਕੀਤਾ ਹੋਇਆ ਸੀ। ਉਸਦਾ ਮਜ਼ਾਕ ਉਡਾਉਣ ਲਈ, ਉਸਦੇ ਸਿਰ ਉਤੇ ਤਿੱਲੇ ਦੀ ਕਢਾਈ ਵਾਲੀ ਨਾਲ ਪਗੜੀ ਪਾਈ ਹੋਈ ਸੀ ਅਤੇ ਤਿੱਲੇ ਦੀ ਕਢਾਈ ਵਾਲੀ ਅਨਾਰਾਂ ਦੇ ਫੁੱਲਾਂ ਵਾਲੀ ਗੂੜੇ ਲਾਲ ਰੰਗ ਦੀ ਪੁਸ਼ਾਕ ਪੁਆਈ ਹੋਈ ਸੀ। ਪਿੰਜਰੇ ਦੀ ਨਿਗਰਾਨੀ ਇੱਕ ਹੋਰ ਅਧਿਕਾਰੀ ਮੁਹੰਮਦ ਅਮੀਨ ਖਾਨ, ਨੰਗੀ ਤਲਵਾਰ ਹੱਥ ਵਿਚ ਲੈ ਕੇ ਕਰ ਰਿਹਾ ਸੀ। ਉਸਦੇ ਬਾਅਦ 740 ਸਿੱਖ ਕੈਦੀ ਦੋ – ਦੋ ਕਰਕੇ ਊਠਾਂ ਤੇ ਬੰਨ੍ਹੇ ਹੋਏ ਲਿਆਦੇ ਜਾ ਰਹੇ ਸਨ। ਉਨ੍ਹਾਂ ਦਾ ਇੱਕ-ਇੱਕ ਹੱਥ ਜਕੜਿਆ ਹੋਇਆ ਸੀ, ਸਿਰਾਂ ਉੱਤੇ ਕਾਗਜ਼ ਜਾਂ ਭੇਡ ਦੀ ਖੱਲ ਦੀਆਂ ਨੋਕਦਾਰ ਟੋਪੀਆਂ ਰੱਖੀਆਂ ਹੋਈਆਂ ਸਨ, ਜਿਨ੍ਹਾਂ ਨੂੰ ਸ਼ੀਸੇ ਦੇ ਮਣਕਿਆਂ ਨਾਲ ਸਜਾਇਆ ਹੋਇਆ ਸੀ। ਉਨ੍ਹਾਂ ਦੇ ਮੂੰਹਾ ਤੇ ਕਾਲਖ ਲਾਗਈ ਹੋਈ ਸੀ। ਕੁਝ ਸਿੱਖ ਅਧਿਕਾਰੀਆਂ ਤੇ ਭੇਡਾਂ ਦੀ ਖੱਲ ਪਾਈ ਹੋਈ ਸੀ। ਜਿਸ ਦੇ ਵਾਲ ਬਾਹਰ ਵੱਲ ਸਨ ਤਾਂ ਕਿ ਇਹ ਸਿੱਖ ਅਧਿਕਾਰੀ ਰਿਛਾਂ ਵਰਗੇ ਦਿਖਾਈ ਦੇਣ। ਸਭ ਤੋਂ ਪਿਛੇ ਤਿੰਨ ਬਾਦਸ਼ਾਹੀ ਅਮੀਰ ਘੋੜਿਆਂ ਤੇ ਆ ਰਹੇ ਸਨ। ਇਨ੍ਹਾਂ ਦੇ ਨਾਂ ਮੁਹੰਮਦ ਖਾਨ, ਕਮਰੂਦੀਨ ਖਾਨ ਅਤੇ ਜ਼ਕਰੀਆ ਖਾਨ ਸਨ।

ਪੁਸਤਕ 'ਇਬਾਰਤ ਨਾਮੇ' ਦੇ ਲੇਖਕ ਮਿਜੀ ਮੁਹੰਮਦ ਨੇ ਇਹ ਜਲੂਸ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਉਹ ਨਮਕ ਮੰਡੀ ਤੋਂ ਬਾਦਸ਼ਾਹੀ ਕਿਲ੍ਹੇ ਤੱਕ ਜਲੂਸ ਦੇ ਨਾਲ ਆ ਗਿਆ ਸੀ। ਉਹ ਲਿਖਦਾ ਹੈ- ਮੁਸਲਮਾਨ ਸਿੱਖਾਂ ਦੀ ਅਜਿਹੀ ਦੁਰਦਸ਼ਾ ਨੂੰ ਵੇਖ ਕੇ ਉਨ੍ਹਾਂ ਦਾ ਮਖੌਲ ਉਡਾ ਰਹੇ ਸਨ ਪਰ ਜਿਹੜੇ ਸਿੱਖ ਇਸ ਅੰਤਿਮ ਦਸ਼ਾ ਨੂੰ ਪ੍ਰਾਪਤ ਹੋਏ ਸਨ, ਉਹ ਬੜੇ ਹੀ ਪ੍ਰਸੰਨ ਚਿਤ ਦਿਖਾਈ ਦੇ ਰਹੇ ਸਨ ਅਤੇ ਆਪਣੀ ਹਾਲਤ ਤੇ ਸੰਤੁਸ਼ਟ ਸਨ। ਉਨ੍ਹਾਂ ਦੇ ਚਿਹਰਿਆਂ ਤੇ ਕੋਈ ਉਦਾਸੀ ਅਤੇ

ਅਧੀਨਤਾ ਦੇ ਚਿੰਨ੍ਹ ਜਾਂ ਪ੍ਰਭਾਵ ਨਜ਼ਰ ਨਹੀ ਆ ਰਹੇ ਸਨ। ਸਗੋਂ ਊਠਾਂ ਤੇ ਚੜ੍ਹੇ ਉਨ੍ਹਾਂ ਵਿਚ ਵਧੇਰੇ ਭਗਤੀ ਵਿਚ ਲੀਨ ਸਨ, ਸ਼ਾਇਦ ਉਹ ਆਪਣੇ ਮੁਰਸ਼ਦ ਦਾ ਕਲਾਮ ਪੜ੍ਹ ਰਹੇ ਸਨ।

ਬਾਜ਼ਾਰਾਂ ਤੇ ਗਲੀਆਂ ਵਿਚ ਜਦੋਂ ਉਨ੍ਹਾਂ ਨੂੰ ਲੋਕ ਕਹਿੰਦੇ ਕਿ ਹੁਣ ਤੁਹਾਡੀ ਹੱਤਿਆ ਕਰ ਦਿੱਤੀ ਜਾਵੇਗੀ ਤਾਂ ਉਹ ਉੱਤਰ ਦੇਂਦੇ ਕਿ ਉਹ ਤਾਂ ਹੋਣੀ ਹੀ ਹੈ, ਅਸੀਂ ਮੌਤ ਤੋਂ ਕਦ ਡਰਦੇ ਹਾਂ ਜੇ ਮੌਤ ਤੋਂ ਡਰਦੇ ਹੁੰਦੇ ਤਾਂ ਸ਼ਾਹੀ ਫੌਜ਼ਾਂ ਨਾਲ ਆਜ਼ਾਦੀ ਦੀ ਲੜਾਈ ਕਿਉ ਲੜਦੇ? ਸਾਨੂੰ ਤਾਂ ਘਿਰ ਜਾਣ ਦੇ ਕਾਰਣ, ਭੁੱਖ ਅਤੇ ਰਸਦ ਦੀ ਕਮੀ ਦੀ ਵਿਆਕੁਲਤਾ ਨੇ ਤੁਹਾਡੇ ਹੱਥਾਂ ਵਿਚ ਪਾ ਦਿੱਤਾ ਹੈ ਨਹੀ ਤਾਂ ਸਾਡੀ ਵੀਰਤਾ ਦੇ ਕਾਰਨਾਮੇ ਤਾਂ ਤੁਸੀਂ ਸੁਣੇ ਹੀ ਹੋਣਗੇ। ਪੁਸਤਕ ਤਵਸਿਰਤੂ-ਨਾਜ਼ਰੀਨ ਦਾ ਲੇਖਕ ਸੱਯਦ ਮੁਹੰਮਦ ਵੀ ਇਸ ਮੌਕੇ ਤੇ ਅੱਖੀਂ ਵੇਖਣ ਵਾਲਿਆਂ ਵਿਚ ਹਾਜ਼ਰ ਸੀ। ਉਹ ਕਹਿੰਦਾ ਹੈ ਕਿ ਉਸ ਸਮੇਂ ਉਸਨੇ ਉਨ੍ਹਾਂ ਵਿਚੋਂ ਇੱਕ ਵੱਲ ਇਸ਼ਾਰਾ ਕਰਕੇ ਕਿਹਾ, ਇਹ ਘੁਮੰਡ ਕੀ ਅਤੇ ਨਖਰਾ ਕੀ ਸੀ? ਜੁਆਬ ਵਿਚ ਉਸਨੇ ਆਪਣੇ ਮੱਥੇ ਤੇ ਹੱਥ ਰਖ ਕੇ ਆਪਣੀ ਕਿਸਮਤ ਵੱਲ ਇਸ਼ਾਰਾ ਕੀਤਾ। ਲੇਖਕ ਲਿਖਦਾ ਹੈ ਕਿ ਉਸ ਸਮੇਂ ਉਸ ਨੂੰ ਸਿੱਖਾਂ ਦਾ ਆਪਣੇ ਅੰਦਰੂਨੀ ਭਾਵਾਂ ਨੂੰ ਪ੍ਰਗਟ ਕਰਨ ਦਾ ਢੰਗ ਚੰਗਾ ਲੱਗਾ।

ਉਹ ਸਾਰੇ ਅਪਮਾਨ ਅਤੇ ਦੁਰਵਿਵਹਾਰ ਜਿਹੜੇ ਦੁਸ਼ਮਣਾਂ ਨੇ ਸਿੱਖਾਂ ਨਾਲ ਕੀਤੇ, ਗੁਰੂਗੋਬਿੰਦ ਸਿੰਘ ਜੀ ਦੇ ਇਨ੍ਹਾਂ ਵੀਰ ਸਪੂਤਾਂ ਨੂੰ ਉਨ੍ਹਾਂ ਦੀ ਉਚੀ ਮਾਨਸਿਕ ਅਵਸਥਾ ਤੇ ਸੁਭਾਵਿਕਤਾ ਤੋਂ ਡੇਗ ਨਾ ਸਕੇ।

ਮੁਹੰਮਦ ਹਾਦੀ ਕਾਮਵਰ ਖਾਨ ਲਿਖਦਾ ਹੈ ਕਿ ਇਹ ਸਿੱਖ ਕੈਦੀ ਲੋਕ ਬਿਨ੍ਹਾਂ ਕਿਸੇ ਆਤਮਗਿਲਾਨੀ ਅਤੇ ਸ਼ਰਮਿੰਦਗੀ ਦੇ ਸ਼ਾਂਤਚਿੱਤ ਅਤੇ ਪ੍ਰਸੰਨਤਾ ਪੂਰਵਕ ਜਾ ਰਹੇ ਸਨ। ਉਹ ਸ਼ਹੀਦਾਂ ਦੀ ਮੌਤ ਮਰਨ ਦੇ ਇਛੱਕ ਜਾਪਦੇ ਸਨ।

ਜਿਉਂ ਹੀ ਇਹ ਜਲੂਸ ਸ਼ਾਹੀ ਕਿਲ੍ਹੇ ਦੇ ਨੇੜੇ ਪਹੁੰਚਿਆ ਤਾਂ ਬਾਦਸ਼ਾਹ ਫਰਖਸ਼ੀਅਰ ਨੇ ਆਦੇਸ਼ ਦਿੱਤਾ, ਦਲ ਖਾਲਸਾ ਦੇ ਨਾਇਕ ਜੱਥੇਦਾਰ ਬੰਦਾ ਸਿੰਘ ਅਤੇ ਉਸਦੇ ਅਧਿਕਾਰੀਆਂ ਨੂੰ ਅਲੱਗ ਕਰਕੇ ਬਾਕੀ 694 ਸਿੱਖ ਕੈਦੀਆਂ ਨੂੰ ਸਰਵਹਾਰ ਖਾਨ ਕੋਤਵਾਲ ਨੂੰ ਸੌਂਪ ਦਿੱਤਾ ਜਾਵੇ,

ਤਾਂ ਕਿ ਉਹ ਇਨ੍ਹਾਂ ਦੀ ਹੱਤਿਆ ਦਾ ਪ੍ਰਬੰਧ ਕਰ ਸਕੇ। ਬੰਦਾ ਸਿੰਘ ਦੀ ਪਤਨੀ, ਉਸਦੇ ਚਾਰ ਸਾਲ ਦੇ ਪੁੱਤਰ ਅਜ਼ੈ ਸਿੰਘ ਅਤੇ ਉਸ ਦੀ ਆਇਆ (ਪਾਲਣ ਵਾਲੀ) ਸ਼ਾਹੀ ਜਨਾਨਖਾਨੇ ਦਾ ਪ੍ਰਬੰਧਕ ਦਰਬਾਰ ਖਾਨ ਨਾਜਰ ਲੈ ਗਿਆ। ਬੰਦਾ ਸਿੰਘ ਤੇ ਉਸਦੇ ਸਾਥੀਆਂ ਨੂੰ ਇਬਰਾਹੀਮ ਖਾਨ ਮੀਰ-ਏ-ਆਜ਼ਮ ਦੀ ਦੇਖ ਰੇਖ ਵਿਚ ਤ੍ਰਿਪੋਲੀਆ ਕਾਗਵਾਸ ਵਿਚ ਵਿਸੇਸ਼ ਕਾਲ ਕੋਠਰੀਆਂ ਵਿਚ ਰਖਿਆ ਗਿਆ । ਉਨ੍ਹਾਂ ਦਿਨ੍ਹਾਂ ਵਿਚ ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਦੀ ਪਤਨੀ ਨੇ ਆਤਮ - ਸਨਮਾਨ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਖੂਹ ਵਿਚ ਛਾਲ ਮਾਰ ਕੇ ਆਤਮ - ਹੱਤਿਆ ਕਰ ਲਈ।

## ਦਲ ਖਾਲਸਾ ਦੇ ਨਾਇਕ ਬੰਦਾ ਸਿੰਘ ਅਤੇ ਉਸਦੇ ਸਿਪਾਹੀਆਂ (ਸਿੱਖਾਂ) ਨੂੰ ਹਤਿਆ ਦਾ ਦੰਡ



ਬਾਦਸ਼ਾਹ ਫ਼ਰੂਕਸੀਅਰ ਦੁਆਰਾ ਬੰਦਾ ਸਿੰਘ ਦੇ ਸਾਥੀਆਂ ਸਿੱਖ ਕੈਦੀਆਂ ਨੂੰ ਕਾਜ਼ੀ ਇਸਲਾਮ ਸਵੀਕਾਰ ਕਰਣ ਲਈ ਮਜ਼ਬੂਰ ਕਰ ਰਿਹਾ ਹੈ ਨਹੀਂ ਤਾਂ ਗਲੇ ਵਿਚ ਬੈਤਾਂ ਦਾ ਫੰਦਾ ਪਾ ਕੇ ਮਿਰਤੂ ਦੰਡ ਦਿੱਤਾ ਜਾ ਰਿਹਾ ਹੈ। ਭਾਵ ਫਾਂਸੀ ਦਿੱਤੀ ਜਾ ਰਹੀ ਹੈ।

ਪੰਜ ਮਾਰਚ 1716 ਈ. ਨੂੰ ਦਿੱਲੀ ਦੇ ਤ੍ਰਿਪੋਲੀਆ ਦਰਵਾਜੇ ਵੱਲ ਦੇ ਚਬੂਤਰੇ ਤੇ ਜੋ ਕੋਤਵਾਲੀ ਦੇ ਸਾਹਮਣੇ ਸਥਿਤ ਹੈ, 100 ਸਿੱਖਾਂ ਦੀ ਹਰ ਰੋਜ਼ ਹੱਤਿਆ ਕੀਤੀ ਜਾਣ ਲੱਗੀ। ਇਹ ਹਤਿਆਵਾਂ ਕੋਤਵਾਲ ਸਰਬਰਾਹ ਖਾਨ ਦੀ ਦੇਖ-ਰੇਖ ਵਿਚ ਸ਼ੁਰੂਹੋਈਆਂ, ਇਸ ਤਰ੍ਹਾਂ ਸੱਤ ਦਿਨ੍ਹਾਂ ਤੱਕ ਇਹ ਕਹਿਰ ਭਰਪੂਰ ਕਤਲੇਆਮ ਜਾਰੀ ਰਿਹਾ। ਜਲਾਦ ਹਰ ਇੱਕ ਸਿੱਖ ਸਿਪਾਹੀ ਨੂੰ ਕਤਲ ਕਰਨ ਤੋਂ ਪਹਿਲਾਂ, ਕਾਜੀ ਦਾ ਫਤਵਾ ਸੁਣਨ ਲਈ ਕਹਿੰਦਾ ਸੀ। ਕਾਜ਼ੀ ਹਰ ਸਿੱਖ ਸਿਪਾਹੀ ਤੋਂ ਪੁੱਛਦਾ ਕਿ ਜੇ ਉਹ ਇਸਲਾਮ ਕਬੂਲ ਕਰ ਲਵੇ ਤਾਂ ਉਸ ਦੀ ਜਾਨ ਬਖਸ਼ ਦਿੱਤੀ ਜਾਵੇਗੀ। ਪਰ ਕੋਈ ਵੀ ਸਿੱਖ ਸਿਪਾਹੀ ਆਪਣੀ ਜਾਨ ਬਖਸ਼ੀ ਦੀ ਗੱਲ ਸੁਣਨਾ ਵੀ ਨਹੀ ਚਾਹੁੰਦਾ ਸੀ। ਉਸ ਨੂੰ

ਤਾਂ ਕੇਵਲ ਸ਼ਹੀਦ ਹੋਣ ਹੀ ਇੱਛਾ ਹੀ ਸੀ। ਇਸ ਤਰ੍ਹਾਂ ਸਾਰੇ ਸਿੱਖ ਸਿਪਾਹੀ ਕਾਜ਼ੀ ਦੀ ਗੱਲ ਠੁਕਰਾ ਕੇ ਜਲਾਦ ਵੱਲ ਅੱਗੇ ਵਧ ਜਾਂਦੇ ਅਤੇ ਉਸ ਨੂੰ ਕਹਿੰਦੇ ਕਿ ਉਹ ਮਰਨ ਲਈ ਤਿਆਰ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਪੰਜ-ਪੰਜ ਦੇ ਸਮੂਹ ਵਿਚ ਗਲਾਂ ਵਿਚ ਰੱਸੇ ਪਾ ਕੇ ਅਤੇ ਫਿਰ ਵੱਟ ਚੜ੍ਹਾ ਕੇ ਫਾਂਸੀ ਦੇ ਕੇ ਮਾਰ ਦਿੱਤਾ ਜਾਂਦਾ। ਬਾਅਦ ਵਿਚ ਉਨ੍ਹਾਂ ਦੀਆਂ ਲਾਸ਼ਾਂ ਨੂੰ ਨਗਰ ਦੇ ਬਾਹਰ ਸੜਕਾਂ ਦੇ ਕਿਨਾਰੇ ਦਰੱਖਤਾਂ ਉਤੇ ਉਲਟੇ ਕਰਕੇ ਟੰਗ ਦਿੱਤਾ ਜਾਂਦਾ ਤਾਂ ਕਿ ਲੋਕਾਂ ਨੂੰ ਭੈ-ਭੀਤ ਕੀਤਾ ਜਾ ਸਕੇ। ਬਾਗੀਆਂ ਨੂੰ ਇਸ ਤਰ੍ਹਾਂ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਲਾਸ਼ਾਂ ਵਿਚ ਜਦੋਂ ਬਦਬੂ ਫੈਲ ਜਾਂਦੀ ਤਾਂ ਉਨ੍ਹਾਂ ਦੇ ਮਾਸ ਨੂੰ ਪੰਛੀ ਨੋਚ-ਨੋਚ ਕੇ ਖਾ ਜਾਂਦੇ। ਜਦ ਕਦੇ ਰੱਸਿਆਂ ਨੂੰ ਵੱਟ ਚੜ੍ਹਾਂਉਣ ਵਾਲੇ ਜੱਲਾਦਾ ਦੀ ਕਮੀ ਮਹਿਸੂਸ ਹੁੰਦੀ ਤਾਂ ਬਾਕੀ ਸਿੱਖ ਸਿਪਾਹੀਆਂ ਦੇ ਸਿਰ ਕਲਮ ਕਰ ਦਿੱਤੇ ਜਾਂਦੇ। ਇਸ ਤਰ੍ਹਾਂ ਉਹ ਤ੍ਰਿਪੋਲੀਆ ਦਰਵਾਜੇ ਦਾ ਚਬੂਤਰੇ ਵਾਲਾ ਸਥਾਨ ਖੂਨ ਨਾਲ ਲੱਥ-ਪੱਥ ਰਹਿਣ ਲੱਗਾ। ਇਨ੍ਹਾਂ ਹੱਤਿਆਵਾਂ ਦੇ ਦ੍ਰਿਸ਼ਾਂ ਨੂੰ ਬਹੁਤ ਸਾਰੇ ਲੋਕ ਵੇਖਣ ਲਈ ਆਉਂਦੇ ਇਨ੍ਹਾਂ ਵਿਚ ਉਸ ਸਮੇਂ ਦੇ ਈਸਟ ਇੰਡੀਆ ਕੰਪਨੀ ਦੇ ਰਾਜਦੂਤ-ਸਰ ਜੌਹ ਸਰਮੈਨ ਅਤੇ ਐਡਵਰਡ ਸਟੀਫਨਸਨ ਨੇ ਸਿੱਖ ਕੈਦੀਆਂ ਦਾ ਕਤਲੇਆਮ ਆਪਣੀਆਂ ਅੱਖਾਂ ਨਾਲ ਵੇਖਿਆ। ਇਨ੍ਹਾਂ ਮਹਾਨ ਪੁਰਖਾਂ ਨੇ ਜੋ ਵਚਿੱਤਰ ਪ੍ਰਭਾਵ ਮਹਿਸੂਸ ਕੀਤਾ, ਉਸ ਅਦੁਭੁਤ ਘਟਨਾਕ੍ਰਮ ਨੂੰ ਲਿਖਤ ਰੂਪ ਵਿਚ ਸੰਕਲਿਤ ਕਰਕੇ ਆਪਣੇ ਹੈੱਡ ਕਵਾਟਰ ਕਲਕੱਤੇ ਭੇਜਿਆ, ਉਨ੍ਹਾਂ ਨੇ ਆਪਣੇ ਪੱਤਰ ਨੰਬਰ 12 ਵਿਚ ਮਿਤੀ 10 ਮਾਰਚ ਸੰਨ 1716 ਈ. ਨੂੰ ਨਿਮਨਲਿਖਿਤ ਇਬਾਰਤ ਲਿਖਦੇ ਹਨ:-

ਇਹ ਸਿੱਖ ਕੈਦੀ ਜਿਨ੍ਹਾਂ ਉਤੇ ਬਗਾਵਤ ਦਾ ਦੋਸ਼ ਸੀ, ਮੌਤ ਸਵੀਕਾਰ ਕਰਦੇ ਸਮੇ ਜਿਸ ਹੌਂਸਲੇ ਅਤੇ ਸਾਹਸ ਨਾਲ ਭਰਪੂਰ ਸਨ, ਇਹ ਅਦੁਭੁਤ ਅਤੇ ਵਚਿੱਤਰ ਘਟਨਾ ਹੈ। ਕਿਉਂਕਿ ਅਜਿਹਾ ਨਹੀਂ ਹੁੰਦਾ ਆਮ ਕਰਕੇ ਡਰ


ਕੈਦੀ ਸਿੱਖ ਯੁਵਕ ਨੇ ਕਿਹਾ ਮੇਰੀ ਮਾਤਾ ਝੂਠ ਬੋਲ ਰਹੀ ਹੈ, ਮੈਂ ਸਿੱਖ ਹੀ ਹੈ, ਮੈਨੂੰ ਖਿਮਾ ਨਹੀਂ ਚਾਹਿਦੀ ਜੇਕਰ ਮਾਫ ਕਰਨਾ ਹੀ ਹੈ ਤਾਂ ਸਾਨੂੰ ਸਾਰੀਆਂ ਨੂੰ ਬਿਨਾਂ ਸ਼ਰਤ ਮਾਫ ਕਰ ਦਿਤਾ ਜਾਵੇ।

ਨਾਲ ਚੀਕਦਾ, ਚਿਲਾਂਦਾ ਹੈ, ਪਰ ਉਥੇ ਤਾਂ ਅਪਰਾਧੀ ਕਹੇ ਜਾਣ ਵਾਲੇ ਸਿੱਖ ਮੌਤ ਦੇ ਲਈ ਖੁਦ ਆਪਣੇ ਆਪ ਨੂੰ ਸਮਰਪਿਤ ਕਰ ਰਹੇ ਸਨ ਅਤੇ ਸ਼ਾਂਤਚਿਤ ਆਪਣੀ ਕਿਸਮਤ ਨੂੰ ਸਵੀਕਾਰ ਕਰ ਰਹੇ ਸਨ। ਸਾਰਿਆਂ ਨੂੰ ਜਾਨ ਬਖਸ਼ ਦੇਣ ਦਾ ਲਾਲਚ ਦਿੱਤਾ ਗਿਆ ਬਸ਼ਰਤੇ ਕਿ ਉਹ ਇਸਲਾਮ ਕਬੂਲ ਕਰ ਲੈਣ ਪਰ ਅੰਤ ਤੱਕ ਅਜਿਹਾ ਕੋਈ ਸਿੱਖ ਕੈਦੀ ਨਹੀਂ ਸੀ ਜਿਸ ਨੇ ਇਸਲਾਮ ਸਵੀਕਾਰ ਕੀਤਾ ਹੋਵੇ।

ਇਤਿਹਾਸਕਾਰ ਦੁਰਵਿਨ ਲਿਖਦਾ ਹੈ ਕਿ ਕੀ ਹਿੰਦੁਸਤਾਨੀ ਅਤੇ ਯੂਰਪੀਨ ਸਾਰੇ ਹੀ ਦਰਸ਼ਕ ਉਸ ਹੈਰਾਨ ਕਰ ਦੇਣ ਵਾਲੇ ਸਾਹਸ ਅਤੇ ਦ੍ਰਿੜਤਾ ਦੀ ਪ੍ਰਸ਼ੰਸਾ ਕਰਨ ਵਿਚ ਸਹਿਮਤ ਸਨ। ਜਿਸ ਬਹਾਦਰੀ ਨਾਲ ਸਿੱਖ ਕੈਦੀਆਂ ਨੇ ਆਪਣੀ ਕਿਸਮਤ ਨੂੰ ਸਵੀਕਾਰ ਕੀਤਾ। ਵੇਖਣ ਵਾਲਿਆਂ ਦੇ ਲਈ ਇਨ੍ਹਾਂ ਦਾ ਆਪਣੇ ਧਰਮ ਨੇਤਾ ਦੇ ਲਈ ਪ੍ਰੇਮ ਅਤੇ ਭਗਤੀ ਬਹੁਤ ਹੀ ਹੈਰਾਨੀ ਜਨਕ ਸੀ। ਉਨ੍ਹਾਂ ਨੂੰ ਮੌਤ ਦਾ ਕੋਈ ਡਰ ਨਹੀਂ ਸੀ। ਉਹ ਤਾਂ ਜਲਾਦ ਨੂੰ ਮੁਕਤੀ ਦਾਤਾ ਕਹਿ ਕੇ ਪੁਕਾਰਦੇ ਸਨ।

**ਇਤਿਹਾਸਕਾਰ ਖਾਫੀ ਖਾਨ ਲਿਖਦਾ ਹੈ:**

" ਮੈਂ ਇਨ੍ਹਾਂ ਸਿੱਖਾਂ ਦੀ ਦ੍ਰਿੜਤਾ ਬਾਰੇ ਅਜਿਹੀਆਂ ਗੱਲਾਂ ਸੁਣੀਆਂ ਹਨ, ਜਿਨ੍ਹਾਂ ਤੇ ਬੁੱਧੀ ਯਕੀਨ ਨਹੀਂ ਕਰਦੀ। ਪਰ ਜੋ ਕੁਝ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਉਹ ਲਿਖਦਾ ਹਾਂ ਕਿ ਇਨ੍ਹਾਂ ਕੈਦੀਆਂ ਵਿਚ ਇੱਕ ਲੜਕਾ (ਮੁੱਛ ਫੱਟ ਗੱਭਰੂ) ਸੀ ਜਿਸਦੇ ਅਜੇ ਦਾੜੀ, ਮੁੱਛਾਂ ਸ਼ੁਰੂਹੀ ਹੋਈਆਂ ਸਨ। ਉਸਦੀ ਮਾਂ ਨੇ ਮੌਕਾ ਦੇਖ ਕੇ ਆਪਣੇ ਕਿਸੇ ਹਮਦਰਦ ਦੀ ਸਹਾਇਤਾ ਨਾਲ ਬਾਦਸ਼ਾਹ ਅਤੇ ਉਸਦੇ ਮੰਤਰੀ ਸੱਯਦ ਅਬਦੁਲ ਅੱਗੇ ਰੋਂਦਿਆਂ ਹੋਇਆਂ ਬੇਨਤੀ ਕੀਤੀ ਕਿ ਉਸਦਾ ਬੇਟਾ ਇਨ੍ਹਾਂ ਕੈਦੀਆਂ ਵਿਚ ਹੈ। ਇੱਕ ਵਾਰ ਸਿੱਖ ਲੁੱਟਮਾਰ ਕਰਨ ਆਏ ਸਨ ਤੇ ਉਸ ਨੂੰ ਫੜ ਕੇ ਲੈ ਗਏ ਸਨ। ਉਸ ਸਮੇਂ ਤੋਂ ਹੀ ਉਸਦਾ ਬੇਟਾ ਸਿੱਖਾਂ ਦੇ ਨਾਲ ਹੈ। ਉਸਦਾ ਨਿਰਦੋਸ਼ ਹੀ ਕਤਲ ਕੀਤਾ ਜਾ ਰਿਹਾ ਹੈ।



ਬਾਬਾ ਬੰਦਾ ਸਿੰਘ ਬਹਾਦੁਰ ਦੇ ਸਿਪਾਹੀ ਕੈਦੀਆਂ ਵਿੱਚੋਂ ਇਕ ਯੁਵਕ, ਜਿਸ ਦੀ ਮਾਂ ਉਸਨੂੰ ਮਾਫੀ ਦੁਆਉਣ ਪਹੁੰਚੀ ਪਰ ਉਸ ਯੁਵਕ ਨੇ ਕਿਹਾ ਮੈਂ ਸਿੱਖ ਹਾਂ, ਹਿੰਦੂ ਨਹੀਂ। ਮੇਰੀ ਮਾਤਾ ਮਮਤਾ ਦੇ ਕਾਰਣ ਝੂਠ ਬੋਲ ਰਹੀ ਹੈ।

ਬਾਦਸ਼ਾਹ ਨੂੰ ਤਰਸ ਆ ਗਿਆ ਅਤੇ ਉਸਦੇ ਬੇਟੇ ਦੀ ਰਿਹਾਈ ਦੇ ਲਈ ਉਸਨੇ ਇੱਕ ਆਦਮੀ ਭੇਜਿਆ। ਉਹ ਇਸਤਰੀ ਬੇਟੇ ਦੀ ਰਿਹਾਈ ਦਾ ਆਦੇਸ਼ ਲੈ ਕੇ ਠੀਕ ਉਸ ਸਮੇਂ ਪਹੁੰਚੀ ਜਦੋਂ ਜਲਾਦ ਖ਼ੂਨ ਨਾਲ ਭਰੀ ਤਲਵਾਰ ਲੈ ਕੇ ਉਸ ਦਾ ਕਤਲ ਕਰਨ ਹੀ ਲੱਗਾ ਸੀ। ਉਸ ਦੇ ਬੇਟੇ ਨੇ ਜ਼ੋਰ ਨਾਲ ਕਿਹਾ ਕਿ ਉਸਦੀ ਮਾਤਾ ਝੂਠ ਬੋਲ ਰਹੀ ਹੈ। ਮੈਂ ਤਨ-ਮਨ ਨਾਲ ਆਪਣੇ ਗੁਰੂਦੇ ਬਲਿਹਾਰ ਜਾਂਦਾ ਹਾਂ, ਮੈਨੂੰ ਜਲਦੀ ਮੇਰੇ ਸਾਥੀਆਂ ਕੋਲ ਪਹੁੰਚਾਉ।

ਤਵਾਰੀਖ ਮੁਹੰਮਦ ਸ਼ਾਹੀ ਦੇ ਲੇਖਕ ਨੇ ਇਸ ਕਹਾਣੀ ਨੂੰ ਦੂਜਾ ਰੂਪ ਦਿੱਤਾ ਹੈ। ਉਸਦੇ ਲੇਖ ਤੋਂ ਪਤਾ ਲੱਗਦਾ ਹੈ ਕਿ ਜਦੋਂ ਜਕਰੀਆਂ ਖਾਨ ਸਿੱਖਾਂ ਨੂੰ ਲੈ ਕੇ ਦਿੱਲੀ ਦੇ ਨੇੜੇ ਪਹੁੰਚਿਆ ਤਾਂ ਪਤਾ ਲੱਗਾ ਕਿ ਸਾਹਮਣੇ ਵਾਲੇ ਪਿੰਡ ਵਿਚ ਇੱਕ ਲੜਕਾ ਸਿੱਖ ਬਣ ਗਿਆ ਹੈ। ਉਸ ਸਮੇਂ ਉਸਨੂੰ ਫੜ੍ਹ ਕੇ ਲਿਆਉਣ ਦਾ ਹੁਕਮ ਦਿੱਤਾ ਗਿਆ ਅਤੇ ਕੁਝ ਆਦਮੀ ਉਸ ਪਿੰਡ ਵੱਲ ਭੇਜੇ ਗਏ। ਪ੍ਰਮਾਤਮਾ ਦਾ ਚਮਤਕਾਰ ਕਿ ਉਹ ਅਜੇ ਵਿਆਹ ਕਰਵਾ ਕੇ ਆਇਆ ਹੀ ਸੀ ਕਿ ਇਹ ਜਮਦੂਤ ਪਹੁੰਚ ਗਏ। ਡੋਲੀ ਅਜੇ ਘਰ ਵੀ ਨਹੀਂ ਪਹੁੰਚੀ ਸੀ ਕਿ ਉਹ ਵਿਚਾਰਾ ਫੜ੍ਹ ਲਿਆ ਗਿਆ। ਘਰ ਵਾਲਿਆਂ ਦੀ ਖੁਸ਼ੀ ਗਮੀ ਵਿਚ ਬਦਲ ਗਈ। ਵਿਚਾਰੇ ਦੇ ਪਿਤਾ ਦੀ ਮੌਤ ਹੋ ਚੁੱਕੀ ਸੀ, ਜੋ ਇਸ ਵੇਲੇ ਉਸਦੀ ਸਹਾਇਤਾ ਕਰਦਾ। ਬਾਰਾਤੀਆਂ ਜਾਂ ਪਿੰਡ ਵਾਲਿਆ ਏਨਾ ਹੌਂਸਲਾ ਵਿਚੋਂ ਕਿਸੇ ਵਿਅਕਤੀ ਵਿਚ ਏਨਾ ਹੌਂਸਲਾ ਨਹੀਂ ਸੀ ਕਿ ਇਸ ਨਿਰਦੇਸ਼ ਨੂੰ ਛੁਡਵਾਉਣ ਦੀ ਕੋਸ਼ਿਸ ਕਰਦੇ ਵਿਧਵਾ ਮਾਂ ਆਪਣੀ ਨਵੀਂ ਨੂੰਹ ਨੂੰ ਲੈ ਕੇ ਦਿੱਲੀ ਗਈ ਅਤੇ ਬਾਦਸ਼ਾਹ ਅੱਗੇ ਨਿਆ ਲਈ ਪੁਕਾਰ ਕੀਤੀ। ਅਤਿਆਚਾਰ ਅਤੇ ਅਨਿਆਂ ਦੇ ਰਾਜ ਵਿਚ ਸੱਚ ਬੋਲ ਕੇ ਛੁਟਕਾਰਾ ਨਹੀਂ ਮਿਲਦਾ ਸੀ। ਜੇ ਉਹ ਇਹ ਕਹਿ ਦੇਵੇ ਕਿ ਮੇਰੇ ਬੇਟੇ ਨੂੰ ਜਬਰਦਸਤੀ ਫੜਿਆ ਹੈ ਤਾਂ ਬੇਟੇ ਦੇ ਨਾਲ ਉਸਦਾ ਆਪਣਾ ਵੀ ਅੰਤ ਹੈ। ਇਸ

ਲਈ ਉਸਨੇ ਝੂਠੀ ਕਹਾਣੀ ਘੜੀ ਕਿ ਇਕ ਵਾਰ ਸਿੱਖਾਂ ਨੇ ਉਨ੍ਹਾਂ ਦਾ ਪਿੰਡ ਲੁਟਿਆ ਅਤੇ ਉਸਦਾ ਨਵ-ਵਿਆਹਿਆ ਬੇਟਾ ਵੀ ਉਹ ਨਾਲ ਲੈ ਗਏ, ਉਸ ਦੀ ਪਤਨੀ ਦੇ ਹੱਥਾਂ ਪੈਰਾਂ ਦੀ ਮਹਿੰਦੀ ਵੀ ਅਜੇ ਉਸੇ ਤਰ੍ਹਾਂ ਹੀ ਹੈ ਅਤੇ ਅਜੇ ਤਾਂ ਗਾਨਾ ਵੀ ਨਹੀਂ ਖੋਲ੍ਹਿਆ ਸੀ।

ਬੁੱਢੀ ਦੇ ਵਿਰਲਾਪ ਨੇ ਪੱਥਰ ਦਿਲ ਅਧਿਕਾਰੀਆਂ ਨੂੰ ਮੋਮ ਕਰ ਦਿੱਤਾ ਅਤੇ ਅੰਤ ਵਿਚ ਉਸਨੇ ਬਾਦਸ਼ਾਹ ਤੋਂ ਆਪਣੇ ਪੁੱਤਰ ਦੀ ਰਿਹਾਈ ਦਾ ਹੁਕਮ ਲੈ ਲਿਆ। ਇਹ ਹੁਕਮ ਲੈ ਕੇ ਜਦੋਂ ਉਹ ਦਰੋਗੇ ਕੋਲ ਪਹੁੰਚੀ ਤਾਂ ਕੀ ਵੇਖਦੀ ਹੈ ਕਿ ਕੋਤਵਾਲੀ ਦੇ ਸਾਹਮਣੇ ਸਿੱਖਾਂ ਦੀ ਲਾਈਨ ਲੱਗਾਈ ਹੋਈ ਸੀ। ਇੱਕ-ਇੱਕ ਨੂੰ ਮੁਸਲਮਾਨਾ ਬਣਨ ਲਈ ਕਿਹਾ ਜਾ ਰਿਹਾ ਸੀ। ਜਦੋਂ ਉਹ ਨਹੀ ਮੰਨਦਾ ਤਾਂ ਕਈ ਪ੍ਰਕਾਰ ਦੇ ਕਸ਼ਟ ਦੇ ਕੇ ਕਤਲ ਕਰ ਦਿੱਤਾ ਜਾਂਦਾ। ਉਸ ਸਮੇਂ ਉਸਦੇ ਬੇਟੇ ਦੀ ਵਾਰੀ ਸੀ ਅਤੇ ਜਲਾਦ ਖੂਨ ਭਿੱਜੀ ਤਲਵਾਰ ਲੈ ਕੇ ਕੰਮ ਸ਼ੁਰੂਕਰਨ ਲਈ ਤਿਆਰ ਹੀ ਸੀ ਕਿ ਬੁੱਢੀ ਮਾਤਾ ਨੇ ਬਾਦਸ਼ਾਹ ਦਾ ਹੁਕਮ- ਪੱਤਰ ਕੋਤਵਾਲ ਨੂੰ ਦਿੱਤਾ। ਉਹ ਲੜਕੇ ਨੂੰ ਬਾਹਰ ਲੈ ਆਇਆ ਅਤੇ ਕਿਹਾ ਕਿ ਉਸ ਨੂੰ ਰਿਹਾ ਕੀਤਾ ਜਾਂਦਾ ਹੈ, ਪਰ ਉਸ ਲੜਕੇ ਨੇ ਮੁਕਤ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਉੱਚੀ ਆਵਾਜ਼ ਵਿਚ ਚੀਕ ਕੇ ਕਹਿਣ ਲੱਗਾ, "ਮੇਰੀ ਮਾਂ ਝੂਠ ਬੋਲਦੀ ਹੈ, ਮੈਂ ਦਿਲ-ਜਾਨ ਤੋਂ ਆਪਣੇ ਗੁਰੂਦਾ ਸੱਚਾ ਸਿੱਖ ਹਾਂ। ਮੈਨੂੰ ਜਲਦੀ ਆਪਦੇ ਗੁਰ- ਭਰਾਵਾਂ ਕੋਲ ਪਹੁੰਚਾਉ। ਤਾਰੀਖ - ਏ- ਮੁਹੰਮਦਸ਼ਾਹੀ ਦੇ ਲੇਖਕ ਦਾ ਕਥਨ ਹੈ ਕਿ ਉਸਦੀ ਮਾਂ ਦੀਆਂ ਦਰਦ ਭਰਪੂਰ ਚੀਕਾਂ, ਤਰਲੇ ਮਿਨਤਾਂ ਅਤੇ ਸਰਕਾਰੀ ਅਧਿਕਾਰੀਆਂ ਦਾ ਸਮਝਾਉਣਾ ਆਦਿ ਉਸ ਨੂੰ ਆਪਣੇ ਧਰਮ ਦੇ ਪ੍ਰਤੀ ਸ਼ਰਧਾ ਤੋਂ ਡੋਲਣ ਵਿਚ ਸਫਲ ਨਾ ਹੋ ਸਕੇ। ਉਥੇ ਖਲੋਤੇ ਸਾਰੇ ਦਰਸ਼ਕ ਹੈਰਾਨ ਰਹਿ ਗਏ। ਜਦੋਂ ਉਸ ਸ਼ਰਧਾਲੂਯੁਵਕ ਨੇ ਕਤਲਗਾਹ ਵੱਲ ਮੂੰਹ ਮੋੜਿਆ ਅਤੇ ਸ਼ਹੀਦੀ ਪ੍ਰਾਪਤ ਕਰਨ ਲਈ ਉਸਨੇ ਆਪਣੀ ਗਰਦਨ ਜਲਾਦ ਦੇ ਸਾਹਮਣੇ ਝੁਕਾ ਦਿੱਤੀ। ਇਕ ਛਿਣ ਵਿਚ ਜਲਾਦ ਦੀ ਤਲਵਾਰ ਉਪਰ ਉੱਠੀ ਅਤੇ ਉਸ ਯੁਵਕ ਦਾ ਸਿਰ ਕਲਮ ਕਰ ਦਿੱਤਾ ਗਿਆ ਅਤੇ ਉਹ ਸਿੱਖ ਆਪਣੇ ਗੁਰੂਦੀ ਗੋਦੀ ਵਿਚ ਜਾ ਬਿਰਾਜ਼ਮਾਨ ਹੋਇਆ।

ਇੱਕ ਪ੍ਰਸੰਗ ਦੇ ਬਾਰੇ ਵਿਚ ਤਤਕਾਲੀਨ ਇਤਿਹਾਸਕਾਰ ਲਿਖਦੇ ਹਨ ਕਿ ਇੱਕ ਕਾਲ ਕੋਠੜੀ ਵਿਦ ਚਾਰ ਸਿੱਖ ਕੈਦੀਆਂ ਨੂੰ ਇਕੱਠੇ ਰਖਿਆ ਹੋਇਆ ਸੀ। ਉਨ੍ਹਾਂ ਨੂੰ ਭੋਜਨ ਵਜੋਂ ਦੋ

ਰੋਟੀਆਂ ਰੋਸ਼ਨਦਾਨ ਵਿਚੋਂ ਅੰਦਰ ਸੁੱਟ ਦਿੱਤੀਆਂ ਗਈਆਂ। ਦੁਸ਼ਮਣ ਦਾ ਵਿਚਾਰ ਸੀ ਕਿ ਕੈਦੀ ਭੁੱਖੇ ਹਨ। ਇਨ੍ਹਾਂ ਰੋਟੀਆਂ ਨੂੰ ਪ੍ਰਾਪਤ ਕਰਨ ਲਈ ਉਹ ਆਪਸ ਵਿਚ ਲੜ ਮਰਨਗੇ। ਪਰ ਅਜਿਹਾ ਕੁਝ ਨਹੀ ਹੋਇਆ। ਰੋਸ਼ਨਦਾਨ ਵਿਚੋਂ ਦੇਖ ਰਹੇ ਪਹਿਰੇਦਾਰਾਂ ਨੇ ਦੇਖਿਆ ਕੈਦੀ ਆਪਸ ਵਿਚ ਵਿਚਾਰ ਕਰ ਰਹੇ ਸਨ ਕਿ ਇਨ੍ਹਾਂ ਰੋਟੀਆਂ ਨੂੰ ਬਜ਼ੁਰਗ ਕੈਦੀ ਖਾ ਲੈਣਾ। ਜੁਆਨ ਕਹਿ ਰਹੇ ਸਨ, 'ਸਾਨੂੰ ਤਾਂ ਅਜੇ ਕੋਈ ਕਮਜ਼ੋਰੀ ਨਹੀ, ਅਸੀਂ ਕੁਝ ਦਿਨ ਹੋਰ ਵੀ ਭੁੱਖੇ ਰਹਿ ਸਕਦੇ ਹਾਂ, ਪਰ ਬਜ਼ੁਰਗ ਕੈਦੀ ਕਹਿ ਰਹੇ ਸਨ ਕਿ ਉਨ੍ਹਾਂ ਨੇ ਤਾਂ ਮਰਨਾ ਹੀ ਹੈ, ਜੇ ਤੁਸੀਂ ਰੋਟੀਆਂ ਖਾ ਲਉ ਤਾਂ ਹੋ ਸਕਦਾ ਹੈ ਸ਼ਾਇਦ ਤੁਹਾਨੂੰ ਪੰਥ ਦੀ ਹੋਰ ਵਧੇਰੇ ਸੇਵਾ ਕਰਨ ਦਾ ਮੌਕਾ ਮਿਲ ਜਾਵੇ। ਇਸ ਤਰ੍ਹਾਂ ਉਹ ਰੋਟੀਆਂ ਕਿਸੇ ਨੇ ਵੀ ਨਹੀ ਖਾਧੀਆ, ਅੰਤ ਵਿਚ ਇਹ ਫੈਸਲਾ ਹੋਇਆ ਕਿ ਇਨ੍ਹਾਂ ਨੂੰ ਬਰਾਬਰ ਵੰਡ ਕੇ ਖਾਇਆ ਜਾਵੇ।

## ਬੰਦਾ ਸਿੰਘ ਬਹਾਦਰ ਨੂੰ ਤਸੀਹੇ ਅਤੇ ਉਨ੍ਹਾਂ ਦੀ ਹੱਤਿਆ

ਦਲ-ਖਾਲਸਾ ਦੇ ਸਿਪਾਹੀਆਂ ਦੀ 12 ਮਾਰਚ 1716 ਈ. ਤੱਕ ਸਮੂਹਿਕ ਹੱਤਿਆ ਦਾ ਕੰਮ ਖਤਮ ਹੋ ਗਿਆ ਸੀ। ਪਰ ਬੰਦਾ ਸਿੰਘ ਅਤੇ ਉਸਦੇ ਸਹਾਇਕ ਅਧਿਕਾਰੀਆਂ ਨੂੰ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ।


ਉਨ੍ਹਾਂ ਤੋਂ ਵਾਰ-ਵਾਰ ਪੁਛਿਆ ਜਾਂਦਾ ਕਿ ਉਨ੍ਹਾਂ ਦੀ ਸਹਾਇਤਾ ਕਰਨ ਵਾਲੇ ਲੋਕ ਕੌਣ ਹਨ ਅਤੇ ਉਨ੍ਹਾਂ ਨੇ ਅਥਾਹ ਧਨ ਕਿਥੇ ਲੁਕਾ ਕੇ ਰਖਿਆ ਹੈ? ਇਸ ਕੰਮ ਵਿਚ ਮੁਗਲ ਪ੍ਰਸ਼ਾਸਨ ਨੇ ਤਿੰਨ ਮਹੀਨੇ ਲਾ ਦਿੱਤੇ। ਪਰ ਇਸ ਦਾ ਨਤੀਜਾ ਕੁਝ ਨਾ ਨਿਕਲਿਆ।

ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਇਨ੍ਹਾਂ ਲੋਕਾਂ ਤੋਂ ਕਿਸੇ ਪ੍ਰਕਾਰ ਦੀ ਕੋਈ ਗੁਪਤ ਸੂਚਨਾ ਨਾ ਮਿਲੀ, ਅੰਤ 9 ਜੂਨ 1716 ਈ. ਨੂੰ ਸੂਰਜ ਚੜ੍ਹਦਿਆਂ ਹੀ ਬੰਦਾ ਸਿੰਘ, ਉਸਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ, ਸਰਦਾਰ ਸੰਤੁਸ਼ਟ ਸੀ। ਉਸਨੇ ਪੂਰਨ ਸ਼ਾਂਤਚਿਤ, ਅਡੋਲ ਅਤੇ ਸਥਿਰ ਰਹਿ ਕੇ ਪ੍ਰਾਣ ਤਿਆਗੇ ਬਾਕੀ ਦੇ ਸਿੱਖ ਅਧਿਕਾਰੀਆਂ ਨਾਲ ਵੀ ਇਸੇ ਤਰ੍ਹਾਂ ਦਾ ਜ਼ਾਲਮਾਨਾ ਵਿਵਹਾਰ ਕੀਤਾ ਗਿਆ ਅਤੇ ਸਾਰਿਆਂ ਦੀ ਹੱਤਿਆ ਕਰ ਦਿੱਤੀ ਗਈ।

ਤਤਕਾਲੀਨ ਸਮਕਾਲੀ ਇਤਿਹਾਸਕਾਰਾਂ ਦੇ ਇੱਕ ਲਿਖਿਤ ਪ੍ਰਸੰਗ ਦੇ ਅਨੁਸਾਰ ਬਾਦਸ਼ਾਹ ਫਰੁਖਸੀਅਰ ਨੇ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਤੋਂ ਪੁੱਛ-ਗਿੱਛ ਸਮੇਂ ਕਿਹਾ- ਤੁਹਾਡੇ ਲੋਕਾਂ ਵਿਚੋਂ ਕੋਈ ਬਾਜ਼ ਸਿੰਘ ਨਾਂ ਦਾ ਵਿਅਕਤੀ ਹੈ, ਜਿਸ ਦੀ ਬਹਾਦਰੀ ਦੇ ਬਹੁਤ ਕਿੱਸੇ ਸੁਨਣ ਵਿਚ ਆਏ ਹਨ? ਜੁਆਬ ਵਿਚ ਬੇੜੀਆਂ ਅਤੇ ਹੱਥਕੜੀਆਂ ਵਿਚ ਜਕੜੇ ਬਾਜ਼ ਸਿੰਘ ਨੇ ਕਿਹਾ, "ਮੈਨੂੰ ਬਾਜ਼ ਸਿੰਘ ਕਹਿੰਦੇ ਹਨ। "ਤੂੰ ਤਾਂ ਬਹੁਤ ਬਹਾਦਰ ਆਦਾਮੀ ਦੇ ਤੌਰ ਤੇ ਜਾਣਿਆ ਜਾਂਦਾ ਹੈ। ਪਰ ਹੁਣ ਤੇਰੇ ਤੋਂ ਕੁਝ ਵੀ ਨਹੀਂ ਹੋ ਸਕਦਾ।" ਤਦ ਬਾਜ਼ ਸਿੰਘ ਨੇ ਜੁਆਬ ਦਿੱਤਾ," ਜੇ ਤੁਸੀਂ ਮੇਰੇ ਕਰਤਬ ਦੇਖਣੇ ਚਾਹੁੰਦੇ ਹੋ ਤਾਂ ਮੇਰੀਆਂ ਬੇੜੀਆਂ ਖੁਲਵਾ ਦਿਓ ਤਾਂ ਮੈਂ ਹੁਣ ਵੀ ਤੁਹਾਨੂੰ ਤਮਾਸ਼ਾ ਵਿਖਾ ਸਕਦਾ ਹਾਂ। ਇਸ ਚੁਣੌਤੀ ਤੇ ਬਾਦਸ਼ਾਹ ਨੇ ਆਗਿਆ ਦੇ ਦਿੱਤੀ ਕਿ ਇਸ ਦੀਆਂ ਬੇੜੀਆਂ ਖੋਲ੍ਹ ਦਿੱਤੀਆਂ ਜਾਣ। ਬਾਜ਼ ਸਿੰਘ ਅਜੇ ਹਿੱਲਣ-ਡੁਲ੍ਹਣ ਜੋਗਾ ਹੀ ਹੋਇਆ ਸੀ ਕਿ ਉਸਨੇ ਬਾਜ਼ ਵਾਂਗ ਝੂਪਟ ਕੇ ਬਾਦਸ਼ਾਹ ਦੇ ਦੋ ਕਰਮਚਾਰੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਉਨ੍ਹਾਂ ਨੂੰ ਆਪਣੀਆਂ ਹੱਥਕੜੀਆਂ ਨਾਲ ਹੀ ਸਦਾ ਦੀ ਨੀਂਦ ਸੁਆ ਦਿੱਤਾ। ਫਿਰ ਉਹ ਇਕ ਹੋਰ ਸ਼ਾਹੀ ਅਧਿਕਾਰੀ ਵੱਲ ਝਪਟਿਆ ਪਰ ਤਦ ਤੱਕ ਉਸ ਨੂੰ ਸ਼ਾਹੀ ਸੇਵਕਾਂ ਨੇ ਫੜ੍ਹ ਲਿਆ ਅਤੇ ਫਿਰ ਦੁਬਾਰਾ ਤੋਂ ਬੇੜੀਆਂ ਵਿਚ ਜ਼ਕੜ ਦਿੱਤਾ ਗਿਆ।




ਬੰਦਾ ਸਿੰਘ ਬਹਾਦੁਰ, ਉਰਫ ਗੁਰਬਖ਼ਸ਼ ਸਿੰਘ ਨੂੰ ਗਰਮ ਸੰਡਾਸੀਆਂ ਨਾਲ ਉਸਦੇ ਸਰੀਰ ਦਾ ਮਾਸ ਨੋਚੀਆਂ ਜਾ ਰਿਹਾ ਹੈ ਅਤੇ ਉਸ ਦੀਆਂ ਅੱਖਾਂ ਦੇ ਸਾਹਮਣੇ ਉਸ ਦੇ ਚਾਰ ਵਰਿਆਂ ਦੇ ਪੁੱਤਰ ਅਜੈ ਸਿੰਘ ਦੀ ਹਤਿਆਂ ਕਰਕੇ ਉਸ ਦਾ ਕਲੇਜਾ, ਬੰਦਾ ਸਿੰਘ ਦੇ ਮੂੰਹ ਦੇ ਵਿੱਚ ਤੁਨੀਆਂ ਜਾ ਰਿਹਾ ਹੈ। ਕਿਉਂਕਿ ਉਹ ਇਸਲਾਮ ਨੂੰ ਸਵੀਕਾਰ ਕਰਨ ਤੋਂ ਇੰਨਕਾਰੀ ਹੈ।



ਅੰਤ ਵਿਚ ਬਾਬਾ ਬੰਦਾ ਸਿੰਘ ਬਹਾਦੁਰ ਦੇ ਬੇਟੇ ਦੀ ਹੱਤਿਆ ਕਰ ਕੇ ਉਸ ਦਾ ਮਾਸ ਉਸ ਦੇ ਮੂੰਹ ਵਿਚ ਜ਼ਬਰ ਦਸਤੀ ਪਾਇਆ ਗਿਆ। ਫਿਰ ਉਸ ਦੀ ਅੱਖਾ ਕਡੀਆਂ ਗਈਆਂ ਅਤੇ ਮੁੜ ਗਰਮ-ਗਰਮ ਸੰਡਾਸੀਆਂ ਨਾਲ ਉਸ ਦਾ ਮਾਸ ਨੌਚਿਆਂ ਗਿਆ।

ਬਾਜ਼ ਸਿੰਘ, ਭਾਈ ਫਤਹਿ ਸਿੰਘ, ਆਲੀ ਸਿੰਘ, ਬਖਸ਼ੀ ਗੁਲਾਬ ਸਿੰਘ ਆਦਿ ਜੋ ਦਿਲੀ ਦੇ ਕਿਲ੍ਹੇ ਵਿਚ ਬੰਦੀ ਸਨ, ਉਨ੍ਹਾਂ ਨੂੰ ਸਰਵਹਾਰ ਖਾਨ ਕੋਤਵਾਲ ਅਤੇ ਇਬਰਾਹੀਮ ਮੁਦੀਨ ਖਾਨ ਮੀਰ-ਏ-ਆਤਿਸ਼ ਦੀ ਦੇਖ ਰੇਖ ਵਿਚ ਜਲੂਸ ਦੇ ਰੂਪ ਵਿਚ ਕਿਲ੍ਹੇ ਤੋਂ ਬਾਹਰ ਕਢਿਆ ਗਿਆ, ਜਿਸ ਤਰ੍ਹਾਂ ਇਨ੍ਹਾਂ ਨੂੰ ਦਿੱਲੀ ਲਿਆਉਂਦੇ ਸਮੇ ਕੀਤਾ ਗਿਆ ਸੀ। ਉਸ ਦਿਨ ਵੀ ਬੇੜੀਆਂ ਵਿਚ ਜਕੜੇ ਹੋਏ ਬੰਦਾ ਸਿੰਘ ਨੂੰ ਤਿੱਲੇ ਦੇ ਕਢਾਈ ਵਾਲੀ ਲਾਲ ਪੱਗ ਅਤੇ ਤਿੱਲੇਦਾਰ ਪੋਸ਼ਾਕ ਪੁਆਈ ਗਈ ਸੀ ਤੇ ਹਾਥੀ ਤੇ ਬੈਠਾ ਕੇ ਲਿਆਂਦਾ ਗਿਆ ਸੀ। ਹੋਰ 26 ਸਿੱਖ ਜ਼ੰਜੀਰਾਂ ਵਿਚ ਜਕੜੇ ਹੋਏ ਉਸਦੇ ਪਿਛੇ ਚੱਲ ਰਹੇ ਸਨ। ਇਸ ਤਰ੍ਹਾਂ ਉਨ੍ਹਾਂ ਨੂੰ ਪੁਰਾਣੇ ਨਗਰ ਦੀਆਂ ਗਲੀਆਂ ਵਿਚੋਂ ਕੁਤਬਮੀਨਾਰ ਦੇ ਨੇੜੇ ਸਾਬਕਾ ਬਾਦਸ਼ਾਹ ਬਹਾਦੁਰਸ਼ਾਹ ਦੀ ਕਬਰ ਦੀ ਪਰਕਰਮਾ ਕਰਵਾਈ ਗਈ।



ਬਾਬਾ ਬੰਦਾ ਸਿੰਘ ਬਹਾਦੁਰ ਦੇ ਸਿਪਾਹੀਆਂ ਨੂੰ ਕਈ ਦਿਨ ਭੁਖਿਆਂ ਰਖਣ ਤੋਂ ਬਾਦ ਤੋਂ ਰੋਟੀਆਂ ਦਿਤੀਆਂ ਗਈਆਂ ਇਹ ਵੇਖਣ ਲਈ ਕਿ ਇਹ ਰੋਟੀਆਂ ਲਈ ਆਪਸ ਵਿਚ ਲੜਦੇ ਹਨ ਯਾ ਨਹੀ, ਪਰ ਗੁਰੂ ਦੇ ਲਾਡਲਿਆਂ ਨੇ ਵੰਡ ਕੇ ਛਕ ਲਇਆ।

ਬੰਦਾ ਸਿੰਘ ਨੂੰ ਹਾਥੀ ਤੋ ਉਤਾਰ ਕੇ ਧਰਤੀ ਤੇ ਬਿਠਾਇਆ ਗਿਆ ਤੇ ਕਿਹਾ ਗਿਆ ਕਿ ਜਾਂ ਤਾ ਉਹ ਇਸਲਾਮ ਸਵੀਕਾਰ ਕਰ ਲੈਣ, ਨਹੀ ਤਾਂ ਮਰਨ ਲਈ ਤਿਆਰ ਹੋ ਜਾਣ, ਪਰ ਬੰਦਾ ਸਿੰਘ ਨੇ ਬਹੁਤ ਹੋਸਲੇ ਨਾਲ ਮੌਤ ਨੂੰ ਸਵੀਕਾਰ ਕਰਕੇ ਇਸਲਾਮ ਨੂੰ ਠੁਕਰਾ ਦਿੱਤਾ। ਤਦ ਜਲਾਦ ਨੇ ਉਸਦੇ ਪੁੱਤਰ ਨੂੰ ਉਸ ਦੀ ਗੋਦੀ ਵਿਚ ਪਾ ਦਿੱਤਾ ਅਤੇ ਕਿਹਾ, ਲੈ ਇਸ ਦੀ ਹੱਤਿਆਂ ਕਰ। ਪਰ ਕੀ ਕੋਈ ਪਿਤਾ ਕਦੇ ਆਪਣੇ ਪੁੱਤਰ ਦੀ ਹੱਤਿਆ ਕਰ ਸਕਦਾ ਹੈ? ਉਨ੍ਹਾਂ ਨੇ ਨਾਂਹ ਕਰ ਦਿੱਤੀ। ਬਸ ਫਿਰ ਕੀ ਸੀ, ਜਲਾਦ ਨੇ ਇੱਕ ਵੱਡੀ ਕਟਾਰ ਨਾਲ ਬੱਚੇ ਦੇ ਟੁਕੜੇ-ਟੁਕੜੇ ਕਰ ਦਿੱਤੇ ਅਤੇ ਉਸ ਦਾ ਤੜਫਦਾ ਹੋਇਆ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਤੂੰਨ ਦਿੱਤਾ। ਧੰਨ ਸੀ ਉਹ ਗੁਰੂਦਾ ਸਿੱਖ, ਜਿਹੜਾ ਪ੍ਰਭੂਦਾ ਇੱਛਾ ਵਿਚ ਆਪਣੀ ਇੱਛਾ ਮੰਨ ਕੇ ਪੱਥਰ ਦੀ ਮੂਰਤੀ ਵਾਂਗ ਦ੍ਰਿੜ ਅਡੋਲ ਖੜਾ ਰਿਹਾ। ਜਦੋਂ ਬੰਦਾ ਸਿੰਘ ਬਿਲਕੁਲ ਵੀ ਨਾ ਡੋਲਿਆ। ਨੇੜੇ ਹੀ

ਖਲੋਤੇ ਮੁਹੰਮਦ ਅਮੀਨ ਖਾਨ ਨੇ ਜਦੋਂ ਬੰਦਾ ਸਿੰਘ ਵੱਲ ਅਤੇ ਉਸ ਦੀਆਂ ਅੱਖਾਂ ਵਿਚ ਝ੍ਹਾਕਿਆ ਤਾਂ ਉਸਦੇ ਚਿਹਰੇ ਦੀ ਆਭਾ ( ਨੂਰ) ਕਿਸੇ ਅਦ੍ਰਿਸ਼ ਦਿਵਯ ਸ਼ਕਤੀ ਨਾਲ ਜਗਮਗਾ ਰਹੀ ਸੀ। ਉਹ ਇਸ ਭੇਦ ਨੂੰ ਵੇਖ ਕੇ ਹੈਰਾਨ ਰਹਿ ਗਿਆ। ਉਸਨੇ ਹੈਰਾਨ ਹੁੰਦਿਆਂ ਹਿੰਮਤ ਕਰਕੇ ਬੰਦਾ ਸਿੰਘ ਤੋਂ ਪੁੱਛ ਹੀ ਲਿਆ ਉਸ ਨੇ ਬੰਦਾ ਸਿੰਘ ਨੂੰ ਕਿਹਾ ਕਿ ਉਸ ਦੇ ਸਿਰ ਮੁਗਲ ਪ੍ਰਸ਼ਾਸਨ ਵਲੋਂ ਭਿਆਨਕ ਖ਼ੂਨ ਖਰਾਬਾ ਕਰਨ ਦਾ ਦੋਸ ਹੈ, ਇਹ ਅਪਰਾਧ ਪਰ ਮੇਰੇ ਵਿਚਾਰਾਂ ਦੇ ਉਲਟ ਅਜਿਹੇ ਦੁਸ਼ਟ ਕਰਮ ਕਰਨ ਵਾਲੇ ਦੇ ਮੁੱਖ ਮੰਡਲ ਤੇ ਐਸਾ ਗਿਆਨ ਭਰਪੂਰ ਤੇਜੱਸਵੀ ਜੋਤਿ ਕਿਉਂ ਛਲਕਦੀ ਹੈ। ਤਦ ਬੰਦਾ ਸਿੰਘ ਨੇ ਧੀਰਜ ਨਾਲ ਜੁਆਬ ਦਿੱਤਾ- ਜਦੋਂ ਮਨੁੱਖ ਅਥਵਾ ਕੋਈ ਪ੍ਰਸ਼ਾਸ਼ਨ ਪਾਪੀ ਅਤੇ ਦੁਸ਼ਟ ਹੋ ਜਾਏ ਅਤੇ ਨਿਆਂ ਦਾ ਮਾਰਗ ਛੱਡ ਕੇ ਅਨੇਕ ਪ੍ਰਕਾਰ ਦੇ ਅਤਿਆਚਾਰ ਕਰਨ ਲੱਗ ਜਾਵੇ ਤਾਂ ਉਹ ਸੱਚਾ ਈਸ਼ਵਰ ਆਪਣੇ ਵਿਧਾਨ ਅਨੁਸਾਰ ਉਸ ਨੂੰ ਦੰਡ ਦੇਣ ਲਈ ਮੇਰੇ ਵਰਗੇ ਵਿਅਕਤੀ ਪੈਦਾ ਕਰਦਾ ਰਹਿੰਦਾ ਹੈ, ਜੋ ਦੁਸ਼ਟਾਂ ਦਾ ਨਾਸ ਕਰੇ ਅਤੇ ਜਦੋਂ ਉਨ੍ਹਾਂ ਦਾ ਦੰਡ ਪੂਰਾ ਹੋ ਜਾਂਦਾ ਹੈ ਤਾਂ ਤੁਹਾਡੇ ਵਰਗੇ ਵਿਅਕਤੀ ਖੜੇਕਰ ਦੇਂਦਾ ਹੈ ਤਾਂ ਮੇਰੇ ਜਿਹਾ ਨੂੰ ਸਜਾ ਮਿਲੇ।"

ਇਸਲਾਮ ਨਾ ਕਬੂਲ ਕਰਨ ਤੇ ਜਲਾਦ (ਕਟਾਰ) ਨੇ ਪਹਿਲਾਂ ਤਲਵਾਰ ਨਾਲ ਬੰਦਾ ਸਿੰਘ ਦੀ ਸੱਜੀ ਅੱਖ ਕੱਢ ਦਿੱਤੀ ਅਤੇ ਫਿਰ ਖੱਬੀ। ਇਸ ਦੇ ਬਾਅਦ ਗਰਮ ਲਾਲ ਲੋਹੇ ਦੀ ਸੰਡਾਸੀ (ਚਿਮਟੀਆਂ) ਨਾਲ ਉਨ੍ਹਾਂ ਦੇ ਸਰੀਰ ਦੇ ਮਾਸ ਦੀਆਂ ਬੋਟੀਆਂ ਖਿੱਚ-ਖਿੱਚ ਕੇ ਉਦੋਂ ਤੱਕ ਨੋਚਦਾ ਰਿਹਾ, : ਜਦ ਤੱਕ ਉਸ ਦੀ ਮੌਤ ਨਹੀਂ ਹੋ ਗਈ, ਇਨ੍ਹਾਂ ਸਾਰੇ ਤਸੀਹਿਆਂ ਦੌਰਾਨ ਬੰਦਾ ਸਿੰਘ ਈਸ਼ਵਰ ਅਤੇ ਗੁਰੂਨੂੰ ਪੂਰੀ ਤਰ੍ਹਾਂ ਸਮਰਪਿਤਾ ਰਿਹਾ। ਉਹ ਪੂਰਨ ਤੌਰ ਤੇ ਸੰਤੁਸ਼ਟ ਸੀ।


**ਲੇਖਕ: ਜਸਬੀਰ ਸਿੰਘ**

**Ph. : (0172-2696891), 09988160484**



**Type Setting :**

**Radheshyam Choudhary**

**Mob. : 098149- 66882**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

## E-mail : info@sikhworld.info
## &
## jasbirsikhworldinfo@gmail.com

ਉਪਰੋਕਤ ਵੈਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜ੍ਹੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

1. ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।